
ਬੇਰ



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ

ਲੁਧਿਆਣਾ

ਬੇਰ

ਜਗਤਾਰ ਸਿੰਘ ਬੱਲ

ਅਤੇ

ਜਸਬੀਰ ਸਿੰਘ ਰੰਧਾਵਾ

ਸੰਚਾਰ, ਭਾਸ਼ਾਵਾਂ ਤੇ ਸਭਿਆਚਾਰ ਕੇਂਦਰ
ਪੰਜਾਬ ਖੇਤੀਬਾੜੀ ਯੂਨੀਵਰਸਿਟੀ
ਲੁਧਿਆਣਾ
2007

ਪੀ ਏ ਯੂ/2007/ਐੱਫ/700/ਪੀ

ਪਹਿਲੀ ਵਾਰ : ਸਤੰਬਰ 2007

ਸੰਪਾਦਕ
ਗੁਰਭਜਨ ਗਿੱਲ

ਕੀਮਤ : 10/- ਰੁਪਏ

ਛਾਪਕ ਅਤੇ ਪ੍ਰਕਾਸ਼ਕ, ਐਡੀਸ਼ਨਲ ਡਾਇਰੈਕਟਰ ਸੰਚਾਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਈ
ਪੀ ਏ ਯੂ ਪ੍ਰਿੰਟਿੰਗ ਪ੍ਰੈਸ, ਲੁਧਿਆਣਾ ਤੋਂ ਛਪਵਾਇਆ ।
pau_comm@pau.edu, pau.comm@gmail.com

ਟਾਈਟਲ ਡਿਜ਼ਾਈਨ : **ਕੁਲਵੰਤ ਸਿੰਘ ਬਸਰਾ**

ਤਤਕਰਾ

ਬੇਰ : ਆਰੰਭ ਤੇ ਵਿਕਾਸ

ਬੇਰ ਭਾਰਤ ਦਾ ਇੱਕ ਬਹੁਤ ਪ੍ਰਾਚੀਨ ਅਤੇ ਪ੍ਰਸਿੱਧ ਫ਼ਲ ਹੈ । ਇਹ ਫ਼ਲ ਵਿਸ਼ਾਲ ਅਨੁਕੂਲਤਾ ਰੱਖਦਾ ਹੈ ਜਿਸ ਕਰਕੇ ਇਸਦੀ ਕਾਸ਼ਤ ਅਮਲੀ ਤੌਰ ਤੇ ਸਾਰੇ ਭਾਰਤ ਵਿੱਚ ਖ਼ਾਸ ਕਰਕੇ ਭਾਰਤੀ ਉਪਮਹਾਂਦੀਪ ਦੇ ਖ਼ੁਸ਼ਕ ਇਲਾਕਿਆਂ ਵਿੱਚ ਤਾਜ਼ੇ ਫ਼ਲ ਦੇ ਤੌਰ ਤੇ ਕੀਤੀ ਜਾਂਦੀ ਹੈ । ਇੱਥੋਂ ਤੱਕ ਕਿ ਇਸ ਦੀ ਕਾਸ਼ਤ ਮੱਧ ਤਪਤ ਖੰਡ ਅਤੇ ਤਪਤ ਖੰਡ ਦੇ ਬਹੁਤ ਸੀਮਾਵਰਤੀ ਵਾਤਾਵਰਣ ਵਿੱਚ ਬੜੀ ਸਫ਼ਲਤਾ ਨਾਲ ਕੀਤੀ ਜਾ ਸਕਦੀ ਹੈ । ਇਸ ਨੂੰ ਅਕਸਰ ਗਰੀਬਾਂ ਦਾ ਸੇਬ ਕਿਹਾ ਜਾਂਦਾ ਹੈ । ਫਿਰ ਵੀ, ਬੇਰ ਦੀਆਂ ਪਿਉਂਦੀ ਕਿਸਮਾਂ ਕਿਸੇ ਵੀ ਤਰ੍ਹਾਂ ਗਰੀਬਾਂ ਦਾ ਫ਼ਲ ਨਹੀਂ, ਕਿਉਂਕਿ ਉਹ ਦੂਜੇ ਹੋਰ ਫ਼ਲਾਂ ਨਾਲੋਂ ਵੱਧ ਮੁੱਲ ਤੇ ਵਿਕਦੀਆਂ ਹਨ । ਇਸ ਤੋਂ ਵਧੇਰੇ ਝਾੜ ਦੀ ਸੰਭਾਵਨਾ ਕਰਕੇ ਅਤੇ ਬਾਗਬਾਨਾਂ ਨੂੰ ਵਧੀਆ ਮੁਨਾਫ਼ਾ ਮਿਲਣ ਸਦਕਾ, ਬੇਰਾਂ ਦੀ ਕਾਸ਼ਤ ਨੂੰ ਉੱਤਰੀ ਭਾਰਤ ਖ਼ਾਸ ਕਰਕੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਵਪਾਰਕ ਫ਼ਸਲ ਦੇ ਤੌਰ ਤੇ ਬਹੁਤ ਹੁਲਾਰਾ ਮਿਲਿਆ ਹੈ । ਪੰਜਾਬ ਅਤੇ ਹਰਿਆਣਾ ਚ ਕੋਈ ਹੋਰ ਫ਼ਲ ਏਨਾ ਆਮ ਉੱਗਿਆ ਨਹੀਂ ਮਿਲਦਾ ਜਿੰਨਾਂ ਬੇਰ ਮਿਲਦਾ ਹੈ । ਇਹ ਉੱਤਰੀ ਭਾਰਤ ਦੇ ਖ਼ੁਸ਼ਕ ਅਤੇ ਮੱਧ-ਖ਼ੁਸ਼ਕ ਖੇਤਰਾਂ ਚ ਕਾਸ਼ਤ ਲਈ ਬਹੁਤ ਢੁਕਵਾਂ ਫ਼ਲ ਹੈ ਕਿਉਂਕਿ ਗਰਮੀਆਂ ਦੇ ਮਈ-ਜੂਨ ਮਹੀਨੇ ਇਸ ਦੀ ਪਾਣੀ ਦੀ ਲੋੜ ਬਹੁਤ ਘੱਟ ਹੁੰਦੀ ਹੈ ਜਦ ਕਿ ਇਹ ਪੱਤੇ ਸੁੱਟ ਕੇ ਸੁੱਤ-ਉਨੀਂਦਰੀ ਹਾਲਤ ਚ ਚਲਾ ਜਾਂਦਾ ਹੈ ।

ਆਰੰਭ, ਇਤਿਹਾਸ ਅਤੇ ਵਿਸਥਾਰ

ਬੇਰ ਦਾ ਆਰੰਭ ਭਾਰਤ ਤੋਂ ਦੱਖਣ-ਪੱਛਮ ਚੀਨ ਅਤੇ ਮਲੇਸ਼ੀਆ ਨਾਲ ਲੱਗਦੇ ਖੇਤਰ ਚ ਕਿਹਾ ਜਾਂਦਾ ਹੈ । ਬੇਰ ਦਾ ਬਹੁਤ ਲੰਬਾ ਇਤਿਹਾਸਕ ਪਿਛੋਕੜ ਹੈ ਅਤੇ ਪੁਰਾਣੇ ਸੰਸਕ੍ਰਿਤ ਸਾਹਿਤ ਵਿੱਚ ਵੱਖ-ਵੱਖ ਭਾਰਤੀ ਜ਼ਬਾਨਾਂ ਵਿੱਚ ਕਈ ਨਾਵਾਂ ਨਾਲ ਇਸਦਾ ਜ਼ਿਕਰ ਮਿਲਦਾ ਹੈ । ਸਾਰੇ ਦੇਸ਼ ਵਿੱਚ ਇਹ ਜੰਗਲੀ-ਮੱਧ-ਜੰਗਲੀ ਅਤੇ ਕਾਸ਼ਤਕਾਰੀ ਤਰੀਕੇ ਨਾਲ ਉੱਗਿਆ ਪਾਇਆ ਜਾਂਦਾ ਹੈ । ਉੱਤਰੀ ਭਾਰਤ (ਕਸ਼ਮੀਰ) ਵਿੱਚ ਸਨਾਤਨ ਬ੍ਰਾਹਮਣ ਬੇਰ ਦੇ ਫ਼ਲ ਨੂੰ ਧਾਰਮਿਕ ਰੀਤੀ-ਰਿਵਾਜਾਂ ਚ ਵਰਤਦੇ ਹਨ । ਵਾਲਮੀਕੀ ਰਾਮਾਇਣ ਵਿੱਚ, ਪਿੰਡ-ਦਾਨ-ਮੌਤ ਤੋਂ ਬਾਅਦ ਇੱਕ ਧਾਰਮਿਕ ਮਰਿਆਦਾ 'ਚ ਬੇਰ ਦੀ ਵਰਤੋਂ ਦਾ ਜ਼ਿਕਰ ਹੈ । ਇਹ ਉੱਤਰੀ-ਭਾਰਤ

ਖ਼ਾਸ ਕਰਕੇ ਪੰਜਾਬ ਦੇ ਲੋਕ-ਗੀਤਾਂ 'ਚ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ । ਇਸ ਦੀ ਜੰਗਲੀ ਹਾਲਤ ਚ ਬਹੁਤਾਤ ਇਸ ਦੇ ਦੇਸੀਕਰਣ ਦਾ ਸਬੂਤ ਦਿੰਦੀ ਹੈ। ਇਸ ਦੀ ਵਪਾਰਕ ਕਾਸ਼ਤ ਉਦੋਂ ਤੋਂ ਸ਼ੁਰੂ ਸਮਝੀ ਜਾਂਦੀ ਹੈ ਜਦ ਇੱਕ ਇਸਲਾਮੀ ਕਾਸ਼ਤਕਾਰ ਨੇ ਰਾਜਾ ਰਾਘੋ ਜੀ ਭੌਂਸਲੇ-II ਨੂੰ ਪਿਉਂਦੀ ਬੂਟੇ ਤੋਂ ਬੇਰ ਦੇ ਸੁਆਦੀ ਫ਼ਲ ਪੇਸ਼ ਕਰਕੇ ਇਨਾਮ ਜਿੱਤਿਆ ਸੀ ।

ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਬੇਰੀ ਦਾ ਬੂਟਾ ਗੜ੍ਹਵਾਲ ਤੋਂ ਭਾਰਤ ਦੇ ਦੂਜੇ ਭਾਗਾਂ ਚ ਪ੍ਰਵੇਸ਼ ਹੋਇਆ । ਭਾਰਤ ਤੋਂ ਹੌਲੀ-ਹੌਲੀ ਦੱਖਣ-ਪੂਰਬੀ ਏਸ਼ੀਆ ਅਤੇ ਪੱਛਮ ਪਾਸੇ ਤੋਂ ਜੰਜ਼ੀਬਾਰ ਅਤੇ ਪੂਰਬੀ-ਅਫ਼ਰੀਕਨ ਸਮੁੰਦਰੀ ਤੱਟ ਅਤੇ ਅੱਗੇ ਅਫ਼ਰੀਕਨ ਮਹਾਂਦੀਪ ਚ, ਪੱਛਮੀ ਹਿੱਸੇ ਚ ਥਲ ਮਰਗਾਂ ਜਾਂ ਜਹਾਜ਼ਾਂ ਰਾਹੀਂ ਫ਼ੈਲ ਗਿਆ । ਫ਼ੈਲਣ ਦੀ ਇਹ ਵਿਧੀ ਕੁਝ ਸੈਂਕੜੇ ਸਾਲ ਪਹਿਲਾਂ ਹੀ ਸ਼ੁਰੂ ਹੋਈ ਹੋਵੇਗੀ। ਇਹ ਦੋਹਾਂ ਅਰਧ-ਗੋਲੇ ਦੇ ਬਹੁਤੇ ਤਪਤ-ਖੰਡ ਦੇਸ਼ਾਂ ਚ ਅਕਸਰ ਕੁਦਰਤੀ ਹਾਲਤ ਚ ਪਾਇਆ ਜਾਂਦਾ ਹੈ ।

ਬੇਰ 30^0 ਦੱਖਣ ਅਤੇ 30^0 ਉੱਤਰ ਫ਼ੈਲਾਉ ਖ਼ਾਸ ਕਰਕੇ ਭਾਰਤ, ਪਾਕਿਸਤਾਨ, ਬੰਗਲਾ ਦੇਸ਼, ਕੇਂਦਰੀ ਅਤੇ ਦੱਖਣੀ ਅਫ਼ਰੀਕਾ ਅਤੇ ਆਸਟਰੇਲੀਆ ਦੇ ਦੱਖਣੀ ਭਾਗਾਂ ਦਰਮਿਆਨ ਵੰਡਿਆ ਹੋਇਆ ਹੈ । ਬੇਰੀਆਂ ਦੇ ਛੋਟੇ ਅਤੇ ਵੱਡੇ ਪੱਧਰ ਤੇ ਬਗੀਚੇ ਚੀਨ, ਅਫ਼ਗਾਨਿਸਤਾਨ, ਰੂਸ, ਈਰਾਨ, ਇਸਰਾਈਲ, ਇਟਲੀ, ਫਰਾਂਸ, ਸਪੇਨ, ਬਰਮਾ ਅਤੇ ਅਮਰੀਕਾ ਚ ਵੀ ਮੌਜੂਦ ਹਨ ।

ਭਾਰਤ ਦਾ ਸਭ ਤੋਂ ਪੁਰਾਣੀ ਬੇਰੀ ਦਾ ਬੂਟਾ ਜੋ ਕਿ ਤਕਰੀਬਨ 425 ਸਾਲ ਪੁਰਾਣਾ ਹੈ (ਬੇਰ ਬਾਬਾ ਬੁੱਢਾ ਸਾਹਿਬ) ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਸਥਿਤ ਹੈ ।

ਖੇਤਰਫ਼ਲ ਅਤੇ ਉਤਪਾਦਨ

ਪੰਜਾਬ ਅਤੇ ਹਰਿਆਣਾ ਵਿੱਚ ਬੇਰੀ ਦੇ ਬੂਟੇ ਦੂਜੇ ਫ਼ਲਾਂ ਦੇ ਮੁਕਾਬਲੇ ਜੰਗਲੀ ਹਾਲਤ ਚ ਬਹੁਤ ਵੱਡੇ ਪੱਧਰ ਤੇ ਉੱਗੇ ਹੋਏ ਹਨ । ਪੰਜਾਬ ਵਿੱਚ ਸੰਗਰੂਰ, ਬਠਿੰਡਾ, ਫਿਰੋਜ਼ਪੁਰ, ਪਟਿਆਲਾ ਅਤੇ ਲੁਧਿਆਣਾ ਜਿਲ੍ਹੇ ਵਿੱਚ ਬੇਰੀਆਂ ਦੀਆਂ ਪਿਉਂਦੀ ਕਿਸਮਾਂ ਲਈ ਬਹੁਤ ਮਸ਼ਹੂਰ ਹਨ । ਫ਼ਲਾਂ ਅਧੀਨ ਕੁੱਲ ਰਕਬੇ ਵਿੱਚੋਂ ਨਿੰਬੂ-ਜਾਤੀ, ਅਮਰੂਦ ਅਤੇ ਅੰਬ ਤੋਂ ਬਾਅਦ ਬੇਰ ਚੌਥੇ ਦਰਜੇ ਤੇ ਆਉਂਦਾ ਹੈ । ਪੰਜਾਬ ਵਿੱਚ ਬੇਰਾਂ ਦੀ ਕਾਸ਼ਤ ਹੇਠ ਕੁਲ ਰਕਬਾ 2894 ਹੈਕਟੇਅਰ ਹੈ ਅਤੇ ਸਾਲਾਨਾ ਉਤਪਾਦਨ 43410 ਟਨ ਹੈ ।

ਭਾਰਤ ਚ 87,700 ਹੈਕਟੇਅਰ ਨਾਲ ਇਹ ਦੁਨੀਆਂ ਚ ਬੇਰ ਉਗਾਉਣ ਵਾਲੇ ਦੇਸ਼ਾਂ ਚੋਂ ਦੂਜੇ ਦਰਜ਼ੇ ਤੇ ਆਉਂਦਾ ਹੈ । ਭਾਰਤ ਵਿੱਚ ਬੇਰਾਂ ਦੀ ਕਾਸ਼ਤ ਲਈ

ਮਹਾਂਰਾਸ਼ਟਰ, ਗੁਜਰਾਤ, ਮੱਧ-ਪ੍ਰਦੇਸ਼, ਤਾਮਿਲਨਾਡੂ, ਪੱਛਮੀ ਬੰਗਾਲ ਅਤੇ ਆਸਾਮ ਜਿਹੇ ਮਹੱਤਵਪੂਰਨ ਸੂਬੇ ਹਨ। ਭਾਰਤ ਵਿੱਚ ਬੇਰਾਂ ਦਾ ਸਾਲਾਨਾ ਉਤਪਾਦਨ 8.95 ਲੱਖ ਟਨ ਹੈ। ਇਹ ਕੁਲ ਰਕਬੇ ਅਤੇ ਫ਼ਲਾਂ ਦੇ ਉਤਪਾਦਨ ਦਾ ਕ੍ਰਮਵਾਰ 2.1 ਅਤੇ 1.88 ਪ੍ਰਤੀਸ਼ਤ ਹੈ। ਭਾਰਤ ਚ ਬੇਰਾਂ ਦੀ ਉਤਪਾਦਕਤਾ 10.2 ਮੀਟ੍ਰਿਕ ਟਨ ਪ੍ਰਤੀ ਹੈਕਟੇਅਰ ਹੈ। ਹਰਿਆਣਾ ਚ ਹਿਸਾਰ, ਰੋਹਤਕ, ਗੁੜਗਾਉਂ, ਜੀਂਦ, ਪਾਣੀਪੱਤ, ਮਹਿੰਦਰਗੜ੍ਹ ਦੇ ਜ਼ਿਲ੍ਹੇ ਬੇਰਾਂ ਦੀ ਵਪਾਰਕ ਕਾਸ਼ਤ ਲਈ ਮਸ਼ਹੂਰ ਹਨ। ਉੱਤਰ ਪ੍ਰਦੇਸ਼ ਚ ਬੇਰੀਆਂ ਦੇ ਬਾਗ ਵਾਰਾਨਸੀ, ਅਲੀਗੜ੍ਹ, ਫੈਜ਼ਾਬਾਦ ਅਤੇ ਆਗਰਾ ਦੇ ਆਸ-ਪਾਸ ਹਨ। ਰਾਜਿਸਥਾਨ ਚ ਇਸ ਦੇ ਬਾਗ ਤਿਜਾਰਾ, ਅਲਵਰ, ਡੀਂਗ, ਚੋਮੂ, ਜੈਪੁਰ ਅਤੇ ਜੋਧਪੁਰ ਦੁਆਲੇ ਹਨ। ਗੁਜਰਾਤ ਵਿੱਚ ਬੇਰੀਆਂ ਦੇ ਬਾਗ ਉਰਾਨ, ਟਿਟੋਈ, ਰਾਨਡਰ, ਕਾਲੀਆ, ਵੱਲਭਪੁਰ, ਇਕਬਾਲਗੜ੍ਹ, ਜਫ਼ਰਾਬਾਦ, ਅਮਰੇਲੀ ਅਤੇ ਚੀਖ਼ਾਲੀ ਕਸਬੇ ਦੇ ਆਸ-ਪਾਸ ਹਨ। ਦੱਖਣੀ ਭਾਰਤ ਚ ਇਸ ਦੀ ਕਾਸ਼ਤ ਕਰਨੂਲ ਚ ਮਾਨਯਾਮ ਅਤੇ ਆਂਧਰਾ ਪ੍ਰਦੇਸ਼ ਦੇ ਕੁਡਾਪਾਹ ਜਿਲ੍ਹੇ ਅਤੇ ਕਰਨਾਟਕ ਚ ਬੀਜਾਪੁਰ ਅਤੇ ਬੇਲਾਰੀ ਦੇ ਆਲੇ-ਦੁਆਲੇ ਹਨ। ਪੱਛਮੀ ਬੰਗਾਲ ਚ ਇਹ ਫ਼ਲ ਮੁਰਸ਼ਦਾਬਾਦ, ਮਾਲਦਾ, ਬੈਂਕੁਰਾ ਅਤੇ ਬੀਰਭੂਮ ਜ਼ਿਲ੍ਹਿਆਂ ਚ ਬਹੁਤ ਮਸ਼ਹੂਰ ਹੈ।

ਚੀਨ ਦੇਸ਼ ਚ ਬੇਰ ਵੱਡੀ ਪੱਧਰ ਤੇ ਕਾਸ਼ਤ ਕੀਤਾ ਜਾਂਦਾ ਹੈ ਜਿੱਥੇ ਕੁਲ ਰਕਬਾ ਇੱਕ ਮਿਲੀਅਨ ਹੈਕਟੇਅਰ ਹੈ ਅਤੇ ਕੁਲ ਉਤਪਾਦਨ ਦੋ ਬਿਲੀਅਨ ਕਿਲੋ ਹੈ। ਤਕਰੀਬਨ 6 ਮਿਲੀਅਨ ਚੀਨੀ ਬਾਗਬਾਨ ਬੇਰ ਦੀ ਖੇਤੀ ਤੇ ਨਿਰਭਰ ਹਨ।

ਖ਼ੁਰਾਕੀ ਤੱਤ ਅਤੇ ਵਰਤੋਂ

ਮਜ਼ੇਦਾਰ ਅਤੇ ਸੁਆਦਲਾ ਫ਼ਲ ਹੋਣ ਤੋਂ ਇਲਾਵਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਕੀਤੀ ਖੋਜ ਨੇ ਇਸ ਦੇ ਉੱਚ-ਖ਼ੁਰਾਕੀ ਤੱਤਾਂ ਬਾਰੇ ਸਪਸ਼ਟ ਕੀਤਾ ਹੈ। ਇਹ ਇੱਕ ਬਹੁਤ ਹੀ ਗੁਣਕਾਰੀ ਫ਼ਲ ਹੈ। ਇਸ ਦੀਆਂ ਵੱਖ-ਵੱਖ ਕਿਸਮਾਂ ਦੇ ਪੱਕੇ ਹੋਏ ਫ਼ਲਾਂ ਚ ਕੁਲ ਠੋਸ ਪਦਾਰਥ 13 ਤੋਂ 20 ਪ੍ਰਤੀਸ਼ਤ ਅਤੇ ਖਟਾਸ 0.20 ਤੋਂ 0.80 ਪ੍ਰਤੀਸ਼ਤ ਹੁੰਦੀ ਹੈ। ਇਹ ਵਿਟਾਮਿਨ 'ਸੀ' ਦਾ ਇਕ ਉੱਤਮ ਸੋਮਾ ਹੈ। ਆਮਲੇ ਅਤੇ ਅਮਰੂਦ ਤੋਂ ਬਾਅਦ ਪ੍ਰੂੰਤੂ ਨਿੰਬੂ-ਜਾਤੀ ਅਤੇ ਸੇਬ ਨਾਲੋਂ ਵੱਧ ਹੁੰਦਾ ਹੈ। ਪੱਕੇ ਹੋਏ ਬੇਰਾਂ ਵਿੱਚ ਪ੍ਰਤੀ 100 ਗ੍ਰਾਮ ਪਿੱਛੇ 120 ਮਿਲੀਗ੍ਰਾਮ ਵਿਟਾਮਿਨ 'ਸੀ' ਹੁੰਦਾ ਹੈ। ਬੇਰ ਦੇ ਫ਼ਲ ਚ ਬੀਟਾ-ਕੇਰੋਟੀਨ (ਵਿਟਾਮਿਨ ਏ) 100 ਗ੍ਰਾਮ ਫ਼ਲ ਚ 81 ਮਾਈਕ੍ਰੋਗ੍ਰਾਮ ਹੁੰਦਾ ਹੈ। ਪੱਕੇ ਹੋਏ ਬੇਰਾਂ ਵਿੱਚ ਸੂਕਰੋਜ਼ ਖੰਡ 5.60 ਪ੍ਰਤੀਸ਼ਤ, ਗੁਲੂਕੋਜ਼ ਖੰਡ 1.54 ਪ੍ਰਤੀਸ਼ਤ, ਫਰੱਕਟੋਜ਼ ਖੰਡ 2.08 ਪ੍ਰਤੀਸ਼ਤ, ਸਟਾਰਚ 1 ਪ੍ਰਤੀਸ਼ਤ ਅਤੇ ਕੁਲ ਕਾਰਬੋਹਾਈਡ੍ਰੇਟਸ 13.6 ਪ੍ਰਤੀਸ਼ਤ ਹੁੰਦੇ ਹਨ।

ਬੇਰਾਂ ਵਿੱਚ ਧਾਤਾਂ ਅਤੇ ਪ੍ਰੋਟੀਨ ਵੀ ਕਾਫ਼ੀ ਹੁੰਦੇ ਹਨ। ਪੱਕੇ ਹੋਏ ਬੇਰ ਵਿੱਚ

ਕੈਲਸ਼ੀਅਮ 0.031 ਪ੍ਰਤੀਸ਼ਤ, ਗੰਧਕ 0.036 ਪ੍ਰਤੀਸ਼ਤ ਅਤੇ ਲੋਹਾ 1.14 ਪ੍ਰਤੀਸ਼ਤ ਹੁੰਦੇ ਹਨ। ਉਮਰਾਨ ਬੇਰ ਵਿੱਚ ਅਸਪਰਜੀਨ, ਅਸਪਾਰਟਿਕ ਏਸਿਡ, ਆਰਜੀਨੀਨ, ਗਲੂਟੈਮਿਕ ਏਸਿਡ, ਗਲਾਈਸੀਨ, ਸੀਰਾਈਨ, ਥਰੀਉਨਾਈਨ, ਅਲਫਾ ਐਲਾਨੀਨ, ਵੇਲਾਈਨ, ਮੈਥੀਉਨਾਈਨ, ਲਿਉਸੀਨ ਅਤੇ ਆਈਸੋਲਿਉਸੀਨ ਜਿਹੇ ਅਮਾਈਨੋ ਏਸਿਡ ਹੁੰਦੇ ਹਨ।

ਬੇਰੀ ਲਾਖ ਦੇ ਕੀੜੇ ਪਾਲਣ ਲਈ ਇੱਕ ਮੁੱਖ ਪੌਦਾ ਹੈ। ਇਸ ਦਾ ਬੂਟਾ ਹੋਰ ਕੰਮਾਂ ਲਈ ਜਿਵੇਂ ਕਿ ਤਰਖਾਣੇ ਕੰਮ ਲਈ ਇਮਾਰਤੀ ਲੱਕੜ, ਚਾਰੇ, ਵਾੜ, ਬਾਲਣ ਅਤੇ ਦਵਾਈਆਂ ਲਈ ਵਰਤਿਆ ਜਾਂਦਾ ਹੈ। ਇਸ ਦਾ ਛਿੱਲੜ ਦਸਤ ਰੋਕਣ ਲਈ ਇੱਕ ਚੰਗਾ ਉਪਾਅ ਹੈ। ਜੜ੍ਹਾਂ ਬੁਖ਼ਾਰ ਦੌਰਾਨ ਕਾੜ੍ਹੇ ਦੇ ਤੌਰ ਤੇ ਵਰਤੀਆਂ ਜਾਂਦੀਆਂ ਹਨ ਅਤੇ ਇਸ ਦਾ ਪਾਊਡਰ ਫੋੜੇ ਅਤੇ ਪੁਰਾਣੇ ਜ਼ਖ਼ਮਾਂ ਤੇ ਪਾਇਆ ਜਾਂਦਾ ਹੈ।

ਬੇਰ ਦਾ ਫ਼ਲ ਆਮ ਤੌਰ ਤੇ ਤਾਜ਼ਾ ਖਾਧਾ ਜਾਂਦਾ ਹੈ ਪ੍ਰੰਤੂ ਇਸ ਤੋਂ ਕਈ ਸਵਾਦੀ ਪਦਾਰਥ ਬਣਾ ਕੇ ਲਾਭਦਾਇਕ ਤਰੀਕੇ ਨਾਲ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਉੱਤਮ ਪਿਉਂਦੀ ਕਿਸਮਾਂ ਦਾ ਫ਼ਲ ਗੁੱਦਾ ਰਸੀਲਾ ਤੇ ਮਿੱਠਾ, ਚੰਗੀ ਖੁਸ਼ਬੂ ਵਾਲਾ ਹੋਣ ਕਰਕੇ ਬਹੁਤ ਸੁਆਦੀ ਹੁੰਦਾ ਹੈ। ਇਸ ਦਾ ਫ਼ਲ ਝੱਟ ਹਜ਼ਮ ਹੋ ਜਾਂਦਾ ਹੈ ਅਤੇ ਹਲਕੇ ਜੁਲਾਬ ਦਾ ਕੰਮ ਕਰਦਾ ਹੈ। ਉੱਤਰੀ ਭਾਰਤ ਦੇ ਖੁਸ਼ਕ ਇਲਾਕਿਆਂ ਵਿੱਚ ਜਿੱਥੇ ਅਕਸਰ ਸਿਰਫ਼ ਇਹੋ ਹੀ ਫ਼ਲ ਹੁੰਦਾ ਹੈ, ਨੂੰ ਧੁੱਪ ਵਿੱਚ ਸੁਕਾਉਣ ਦਾ ਆਮ ਰਿਵਾਜ਼ ਹੈ। ਸੁੱਕੇ ਫ਼ਲ ਨੂੰ ਬੇ-ਮੌਸਮੀ ਵਰਤਣ ਲਈ ਰੱਖਿਆ ਜਾਂਦਾ ਹੈ। ਉਮਰਾਨ ਕਿਸਮ ਧੁੱਪੇ ਸੁਕਾਉਣ ਅਤੇ ਡੀਹਾਈਡ੍ਰੇਸ਼ਨ ਵਾਸਤੇ ਢੁਕਵੀਂ ਹੈ ਅਤੇ ਇਸ ਤੋਂ ਵਧੀਆ ਛੁਹਾਰੇ ਬਣਾਏ ਜਾ ਸਕਦੇ ਹਨ। ਪੂਰੇ ਬਣੇ ਹੋਏ ਅੱਧ-ਪੱਕੇ ਫ਼ਲ ਮੁਰੱਬਾ, ਕੈਂਡੀ, ਆਚਾਰ ਅਤੇ ਚਟਣੀ ਬਣਾਉਣ ਲਈ ਵਰਤੇ ਜਾ ਸਕਦੇ ਹਨ। ਰਸੀਲੀਆਂ ਕਿਸਮਾਂ ਨੂੰ ਗੁੱਦੇ ਚ ਬਦਲਿਆ ਜਾ ਸਕਦਾ ਹੈ ਤਾਂ ਕਿ ਸਕੁਐਸ਼, ਨੈਕਟਰ ਅਤੇ ਸ਼ਰਬਤ ਆਦਿ ਲਈ ਮੁੱਢਲੀ ਸਮੱਗਰੀ ਦੇ ਤੌਰ ਤੇ ਕੰਮ ਆ ਸਕੇ। ਬੇਰ ਦੇ ਪੂਰੇ ਪੱਕੇ ਫ਼ਲਾਂ ਨੂੰ ਖੰਡ ਦੀ ਚਾਸ਼ਣੀ ਚ ਡੱਬਾ-ਬੰਦ ਕੀਤਾ ਜਾ ਸਕਦਾ ਹੈ। ਬੇਟ ਦੀ ਕੈਂਡੀ ਇੱਕ ਉੱਤਮ ਪਦਾਰਥ ਹੈ ਅਤੇ ਉਮਰਾਨ ਕਿਸਮ ਤੋਂ ਵਧੀਆ ਕੈਂਡੀ ਬਣਦੀ ਹੈ। ਪੱਕੇ ਫ਼ਲਾਂ ਤੋਂ ਬਣਾਈ ਵਧੀਆ ਜੈਲੀ ਚੰਗੀ ਮਿਕਦਾਰ ਵਿੱਚ ਵਿਟਾਮਿਨ 'ਸੀ' ਰੱਖੀ ਰੱਖਦੀ ਹੈ। ਹੁਣ ਜਦ ਕਿ ਬੇਰ ਦੀ ਵਪਾਰਕ ਪੱਧਰ ਤੇ ਕਾਸ਼ਤ ਕੀਤੀ ਜਾ ਰਹੀ ਹੈ, ਇਹ ਪਦਾਰਥ ਬਨਾਉਣ ਲਈ ਹੁਣ ਬਹੁਤ ਵਧੀਆ ਮੌਕਾ ਹੈ।

ਬੇਰ ਦੀ ਬਨਸਪਤੀ

ਬੇਰ ਜੀਨਸ ਜ਼ਿਜ਼ੀਫ਼ਸ ਅਤੇ ਫੈਮਲੀ ਰਹਮਨੇਸੀ ਨਾਲ ਸਬੰਧਤ ਹੈ ਜਿਸ ਵਿੱਚ ਤਕਰੀਬਨ 50 ਜੈਨਰਾ ਅਤੇ 600 ਤੋਂ ਅਧਿਕ ਸਪੀਸੀਜ਼ ਹਨ। ਜੀਨਸ ਜ਼ਿਜ਼ੀਫ਼ਸ

ਚ ਉੱਤਰੀ ਅਰਧ-ਗੋਲੇ ਦੇ ਤਪਤ ਖੰਡ ਤੇ ਮੱਧ ਤਪਤ ਖੰਡ ਭਾਗਾਂ ਦੀਆਂ 40 ਸਪੀਸੀਜ਼ ਸ਼ਾਮਲ ਹਨ । ਫ਼ੈਮਲੀ ਦੀਆਂ ਕੁਝ ਸਪੀਸੀਜ਼ ਖਾਣ ਵਾਲੇ ਫ਼ਲ ਜਾਂ ਸਜਾਵਟੀ ਪੌਦਿਆਂ ਵੱਜੋਂ ਕਾਸ਼ਤ ਕੀਤੀਆਂ ਜਾਂਦੀਆਂ ਹਨ ।

ਭਾਰਤੀ ਬੇਰ (ਜ਼ਿਜ਼ੀਫ਼ਸ ਮਾਰੀਸ਼ਿਆਨਾ) : ਭਾਰਤ ਚ ਬਹੁਤ ਪਾਇਆ ਜਾਂਦਾ ਹੈ ਅਤੇ ਗਰਮ ਦੇਸ਼ਾਂ ਵਿੱਚ ਵਧੇਰੇ ਖਿੱਲਰਿਆ ਹੋਇਆ ਹੈ । ਇਹ ਗਰਮੀਆਂ ਦੀ ਪੱਤਝੜ ਵਾਲੀ ਸਪੀਸੀਜ਼ ਹੈ, ਇਹ ਫ਼ਲ ਤੋੜਨ ਤੋਂ ਬਾਅਦ ਗਰਮੀਆਂ ਚ ਪੱਤੇ ਸੁੱਟ ਦੇਂਦੀ ਹੈ । ਇਹ ਕੰਡੇਦਾਰ ਝਾੜੀ ਜਾਂ ਛੋਟਾ ਬੂਟਾ 12 ਮੀਟਰ ਉਚਾਈ ਤੱਕ ਹੁੰਦਾ ਹੈ । ਪੱਤੇ ਬਦਲਵੇਂ, ਸਾਧਾਰਨ 8 ਸੈਂਟੀਮੀਟਰ ਲੰਬੇ ਅਤੇ 5 ਸੈਂਟੀਮੀਟਰ ਚੌੜੇ, ਹੇਠੋਂ ਗਾੜ੍ਹੇ ਭੂਰੇ ਵਾਲਾਂ ਵਾਲੇ ਅਤੇ ਨਾਲ ਤਿੱਖਾ ਕੰਡਾ ਹੁੰਦਾ ਹੈ । ਫ਼ਲ-ਗੁੱਛਾ ਐਗਜ਼ੀਲਰੀ ਸਾਈਮ ਹੈ ਅਤੇ ਪੱਤੇ ਦੇ ਧੁਰੇ ਚ ਸਬਕੈਪੀਟੇਟ ਹੁੰਦਾ ਹੈ । ਫ਼ਲ ਛੋਟੇ, ਹਰੇ ਕਰੀਮ ਰੰਗੇ, ਦੋ-ਲਿੰਗੇ, 0.8 ਸੈਂਟੀਮੀਟਰ ਆਕਾਰ ਦੇ ਤਲਖ ਮਿਜ਼ਾਜ ਹੁੰਦੇ ਹਨ । ਫ਼ਲ ਗਿਟਕ ਵਾਲੇ, ਐਲੀਪਸੋਡ ਤੌਂ ਸਬਰਾਲੋਬੋਸ, ਹਰੇ ਪੀਲੇ ਤੋਂ ਸੁਨਹਿਰੀ ਪੀਲੇ, 2.2-5.0 ਸੈਂਟੀਮੀਟਰ ਲੰਬੇ ਅਤੇ 2.0-3.5 ਸੈਂਟੀਮੀਟਰ ਚੌੜੇ ਹੁੰਦੇ ਹਨ। ਖਾਣ ਵਾਲਾ ਹਿੱਸਾ ਐਪੀਕਾਰਪ ਅਤੇ ਮੀਜ਼ੋਕਾਰਪ ਹੈ ।

ਚੀਨੀ ਬੇਰ (ਜ਼ਿਜ਼ੀਫ਼ਸ ਜੁਜੂਬਾ) : ਦੱਖਣੀ ਯੂਰਪ, ਦੱਖਣ ਅਤੇ ਪੂਰਬੀ ਏਸ਼ੀਆ ਚ ਉਗਾਇਆ ਜਾਂਦਾ ਹੈ । ਇਹ ਸਰਦੀਆਂ ਦੀ ਪੱਤਝੜ ਸਪੀਸੀ ਹੈ ਅਤੇ ਇਸ ਦੇ ਪੱਤੇ ਹੇਠੋਂ ਚਮਕੀਲੇ ਹੁੰਦੇ ਹਨ । ਬੂਟਾ 9-10 ਮੀਟਰ ਉੱਚਾ ਅਤੇ ਕੰਡੇਦਾਰ ਹੁੰਦਾ ਹੈ । ਪੱਤੇ ਦੰਦੇਦਾਰ, 2.5 ਤੋਂ 5.0 ਸੈਂਟੀਮੀਟਰ ਲੰਬੇ ਹੁੰਦੇ ਹਨ । ਫ਼ਲ ਸਾਂਵਲਾ ਲਾਲ ਜਾਂ ਭੂਰਾ ਹੁੰਦਾ ਹੈ ।

ਮਲ੍ਹਾ ਬੇਰ (ਜ਼ਿਜ਼ੀਫ਼ਸ ਨੁਮੂਲੇਰੀਆ) : ਰਾਜਿਸਥਾਨ, ਉੱਤਰ-ਪੱਛਮੀ ਭਾਰਤ ਅਤੇ ਆਂਧਰਾ ਪ੍ਰਦੇਸ਼ ਦੀ ਬੰਜਰ ਧਰਤੀ ਚ ਛੋਟੀਆਂ ਝਾੜੀਆਂ ਦੇ ਰੂਪ ਚ ਉੱਗਿਆ ਹੋਇਆ ਹੈ । ਮਲ੍ਹਿਆਂ ਦੀ ਝਾੜੀਆਂ ਦਾ ਫ਼ਲ ਘਟੀਆ ਗੁਣਾਂ ਵਾਲਾ ਹੋਣ ਕਰਕੇ ਬਹੁਤੀ ਵਪਾਰਿਕ ਮਹਤੱਤਾ ਨਹੀਂ ਰੱਖਦਾ । ਇਸ ਦਾ ਸੁਆਦ ਖੱਟਾ ਅਤੇ ਬਹੁਤ ਘੱਟ ਗੁੱਦੇ ਵਾਲਾ ਹੁੰਦਾ ਹੈ । ਮਲ੍ਹੇ ਬੇਰ ਦੀ ਪੌਦ ਬੇਰਾਂ ਦੀਆਂ ਕਾਸ਼ਤ ਕੀਤੀਆਂ ਜਾਣ ਵਾਲੀਆਂ ਕਿਸਮਾਂ ਲਈ ਜੜ੍ਹ-ਮੁੱਢ ਵਜੋਂ ਆਮ ਵਰਤੀ ਜਾਂਦੀ ਹੈ ।

ਹੋਰ ਮਹੱਤਵਪੂਰਨ ਜ਼ਿਜ਼ੀਫ਼ਸ ਸਪੀਸੀਜ਼ ਇਸ ਪ੍ਰਕਾਰ ਹਨ :

ਕਾਮਨ ਜੁਜੂਬਾ	ਜ਼ਿਜ਼ੀਫ਼ਸ	ਸਟੀਵਾ
ਮਕੋਹ ਬੇਰ	ਜ਼ਿਜ਼ੀਫ਼ਸ	ਓਨੋਪਲੀਆ
ਸੂਰਾ ਬੇਰ	ਜ਼ਿਜ਼ੀਫ਼ਸ	ਰੂਗੋਸਾ
ਕਾਟ ਬੇਰ	ਜ਼ਿਜ਼ੀਫ਼ਸ	ਯਾਈਲੋਕਾਰਪਾ

ਜੁਜੂਬੀ ਡੇ ਬੇਰ ਬੀਰੀਈ	ਜ਼ਿਜ਼ੀਫ਼ਸ	ਲੋਟਸ
ਜੁਜੂਬੀ ਡੇ ਪੈਲਸਟਾਈਨ	ਜ਼ਿਜ਼ੀਫ਼ਸ	ਸਪਾਈਨਾ ਕਰਿਸਟੀ
ਗੋਥ ਬੇਰ	ਜ਼ਿਜ਼ੀਫ਼ਸ	ਯਾਈਲੋਪਾਈਰਸ
	ਜ਼ਿਜ਼ੀਫ਼ਸ	ਜ਼ੋਆਜ਼ੀਰੋ
	ਜ਼ਿਜ਼ੀਫ਼ਸ	ਫੂਮੀਕਲੋਸਾ
	ਜ਼ਿਜ਼ੀਫ਼ਸ	ਗਲਾਬਰਾਟਾ
	ਜ਼ਿਜ਼ੀਫ਼ਸ	ਆਕਸੀਫਾਈਲਾ
	ਜ਼ਿਜ਼ੀਫ਼ਸ	ਪਿਸਟੌਲ

ਉੱਤਰੀ ਭਾਰਤ ਵਿੱਚ ਬੇਰਾਂ ਤੇ ਫੁੱਲਾਂ ਦਾ ਦੌਰ ਢਾਈ ਮਹੀਨੇ ਸਤੰਬਰ ਤੋਂ ਨਵੰਬਰ ਤੱਕ ਰਹਿੰਦਾ ਹੈ । ਫ਼ਲ ਅੱਖਾਂ ਦੋਵੇਂ ਚਾਲੂ ਮੌਸਮ ਦੌਰਾਨ ਫੁੱਟੀਆਂ ਟਹਿਣੀਆਂ ਅਤੇ ਇਕ ਸਾਲ ਦੀਆਂ ਪੁਰਾਣੀਆਂ ਟਹਿਣੀਆਂ ਤੇ ਆਉਂਦੀਆਂ ਹਨ । ਪ੍ਰਤੀ ਗੁੱਛਾ ਫੁੱਲਾਂ ਦੀ ਗਿਣਤੀ 16 ਤੋਂ 28 ਹੁੰਦੀ ਹੈ । ਅੱਖ ਦੇ ਵਿਕਾਸ ਦਾ ਸਾਰਾ ਕਾਲ ਅੱਠ ਭਾਗਾਂ 'ਚ ਵੰਡਿਆ ਹੁੰਦਾ ਹੈ । ਸਨੌਰ-2, ਸਨੌਰ-5 ਅਤੇ ਛੁਹਾਰਾ ਕਿਸਮਾਂ ਦਾ ਫੁੱਲ ਖੁੱਲ੍ਹਣ ਦਾ ਸਿਖ਼ਰ ਸਮਾਂ 6 ਵਜੇ ਸਵੇਰੇ ਅਤੇ ਉਮਰਾਨ, ਕੈਥਲੀ ਅਤੇ ਥਾਰਨਲੈਸ ਕਿਸਮਾਂ ਦਾ ਸ਼ਾਮ 2 ਵਜੇ ਹੁੰਦਾ ਹੈ । ਐਂਥਰ ਦੀ ਪੁੰਗਰਨ ਦੀ ਕਿਰਿਆ ਫੁੱਲਾਂ ਤੋਂ ਛੇਤੀ ਬਾਅਦ 'ਚ ਸ਼ੁਰੂ ਹੋ ਕੇ 4 ਘੰਟਿਆਂ 'ਚ ਪੂਰੀ ਹੋ ਜਾਂਦੀ ਹੈ । ਪੋਲਨ ਗਰੇਨ ਬਹੁਤ ਜੀਉਣ-ਯੋਗਤਾ ਵਾਲੇ ਹਨ ਅਤੇ ਜੀਉਣ ਯੋਗਤਾ ਵੱਖ-ਵੱਖ ਕਿਸਮਾਂ ਵਿੱਚ 87 ਤੋਂ 91 ਪ੍ਰਤੀਸ਼ਤ ਹੈ । ਪੋਲਨ ਗਰੇਨ ਦੀ ਜੰਮਣ ਸ਼ਕਤੀ ਵੀ ਬਹੁਤ ਜ਼ਿਆਦਾ ਹੈ ਜੋ 36 ਤੋਂ 48 ਪ੍ਰਤੀਸ਼ਤ ਹੈ । ਸਟਿਗਮਾ ਦੀ ਸਿਖ਼ਰ ਗ੍ਰਹਿਣ ਸ਼ਕਤੀ ਫੁੱਲਾਂ ਵਾਲੇ ਦਿਨ ਪਾਈ ਜਾਂਦੀ ਹੈ । ਇਹ ਸਵੈ-ਪ੍ਰਾਗਣ ਰਾਹੀਂ ਫ਼ਲ ਸੈੱਟ ਨਹੀਂ ਕਰਦਾ ਅਤੇ ਸਵੈ-ਅਯੋਗਤਾ ਦਿਖਾਉਂਦਾ ਹੈ ।

ਫ਼ਲ ਬਣਨ ਦੀ ਕਿਰਿਆ ਅਕਤੂਬਰ ਦੇ ਦੂਜੇ ਹਫ਼ਤੇ ਸ਼ੁਰੂ ਹੁੰਦੀ ਹੈ ਅਤੇ ਨਵੰਬਰ ਦੇ ਪਹਿਲੇ ਪੰਦਰਵਾੜੇ ਤੱਕ ਜਾਰੀ ਰਹਿੰਦੀ ਹੈ । ਬੇਰ ਫ਼ਲ ਪੈਣ ਤੋਂ ਪੱਕਣ ਤੱਕ 180 ਦਿਨ ਲੈਂਦਾ ਹੈ । ਫ਼ਲ ਦਾ ਵਾਧਾ ਲੰਬਾਈ ਅਤੇ ਚੌੜਾਈ ਰਾਹੀਂ ਤਿੰਨ ਵੱਖਰੇ ਰੂਪਾਂ 'ਚ ਹੁੰਦਾ ਹੈ ਅਤੇ 'ਡਬਲ ਸਿਗਮੋਇਡ' ਕਰਵ ਢਾਂਚਾ ਬਣਾਉਂਦਾ ਹੈ।

ਭਾਰਤੀ ਬੇਰ 'ਚ ਸਮੈਟਿਕ ਕਰੋਮੋਸੋਮ ਨੰਬਰ 2 ਐਨ=48 ਹੈ । ਇਹ ਪੋਲੀਪੋਲਾਈਡੀ ਸਮਰਥਾ ਦਰਸਾਉਂਦਾ ਹੈ ਅਤੇ ਟੈਟਰਾਪੋਲਾਇਡ ਹੋ ਸਕਦਾ ਹੈ । ਚੀਨੀ ਬੇਰ 'ਚ ਕਰੋਮੋਸੋਮ ਨੰਬਰ 2 ਐਨ=24 ਹੈ । ਇਸਦੀ ਪੋਲੀਪੋਲਾਈਡੀ ਭਿੰਨਤਾ 2 ਐਨ=48 ਅਤੇ 2 ਐਨ-96 ਹੈ ।

ਪੌਣ-ਪਾਣੀ ਤੇ ਜ਼ਮੀਨ

ਬੇਰ ਇਕ ਬਹੁਤ ਸਖਤ ਜਾਨ ਫ਼ਲ ਹੈ ਅਤੇ ਇਸ ਨੂੰ ਨਾ-ਮਾਫ਼ਕ ਪੌਣ-ਪਾਣੀ ਵਾਲੀਆਂ ਹਾਲਤਾਂ ਵਿੱਚ ਵੀ ਉਗਾਇਆ ਜਾ ਸਕਦਾ ਹੈ, ਜਿਥੇ ਦੂਜੇ ਫ਼ਲਦਾਰ ਬੂਟੇ ਉਗਾਉਣ ਤੇ ਫੇਲ੍ਹ ਹੋ ਜਾਂਦੇ ਹਨ। ਇਸ ਨੂੰ ਮਧ-ਗਰਮ ਖ਼ੁਸ਼ਕ ਅਤੇ ਗਰਮ ਤੇ ਤਰ ਪੌਣ-ਪਾਣੀ 'ਚ ਕਾਸ਼ਤ ਕੀਤਾ ਜਾ ਸਕਦਾ ਹੈ। ਬੇਰ ਦਾ ਬੂਟਾ ਸਮੁੰਦਰੀ ਤਲ ਤੋਂ 1000 ਮੀਟਰ ਦੀ ਉਚਾਈ ਤੱਕ ਉਗਾਇਆ ਜਾ ਸਕਦਾ ਹੈ, ਇਸ ਤੋਂ ਅੱਗੇ ਇਹ ਠੀਕ ਤਰ੍ਹਾਂ ਫ਼ਲਦਾ ਨਹੀਂ। ਇਸ ਦੀ ਸਫ਼ਲ ਕਾਸ਼ਤ ਲਈ ਗਰਮ ਅਤੇ ਖ਼ੁਸ਼ਕ ਪੌਣ-ਪਾਣੀ ਚਾਹੀਦਾ ਹੈ, ਪ੍ਰੰਤੂ ਫ਼ਲ ਦੇ ਮੌਸਮ ਦੌਰਾਨ ਚੋਖਾ ਪਾਣੀ ਲੋੜੀਂਦਾ ਹੈ। ਬੂਟਾ ਅਧਿਕ ਗਰਮ ਤਾਪਮਾਨ 42 ਡਿਗਰੀ ਸੈਂਟੀਗ੍ਰੇਡ ਤੀਕ ਸਹਿਣ ਕਰ ਸਕਦਾ ਹੈ ਅਤੇ ਇਸ ਦੀ 45 ਡਿਗਰੀ ਸੈਂਟੀਗ੍ਰੇਡ ਤੱਕ ਤਾਪਮਾਨ ਸਹਿਣ ਦੀ ਸ਼ਕਤੀ ਹੈ। ਫਿਰ ਵੀ ਜਦ ਤਾਪਮਾਨ 35 ਡਿਗਰੀ ਸੈਂਟੀਗ੍ਰੇਡ ਤੋਂ ਉੱਪਰ ਜਾਂਦਾ ਹੈ ਤਾਂ ਫ਼ਲ ਪੈਣਾ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਮੌਸਮ ਵਿੱਚ ਵਧ ਨਮੀ ਇਸ ਦੀ ਸਹੀ ਕਾਸ਼ਤ ਲਈ ਢੁਕਵੀਂ ਨਹੀਂ। ਜੰਮਣ ਦਰਜ਼ੇ ਤੋਂ ਹੇਠਲਾ ਤਾਪਮਾਨ ਜਵਾਨ ਟਹਿਣੀਆਂ ਅਤੇ ਵਧ ਰਹੇ ਫ਼ਲ ਲਈ ਹਾਨੀਕਾਰਕ ਹੁੰਦਾ ਹੈ ਅਤੇ ਫ਼ਸਲ ਦਾ ਚੋਖਾ ਨੁਕਸਾਨ ਹੁੰਦਾ ਹੈ। ਬੇਰ ਦੇ ਬਾਗ ਘੱਟ ਤਾਪਮਾਨ ਯਾਨੀ ਕਿ 4-12 ਡਿਗਰੀ ਸੈਂਟੀਗ੍ਰੇਡ ਵਾਲੇ ਇਲਾਕਿਆਂ ਜਿਥੇ ਕਦੇ ਤਾਪਮਾਨ ਥੋੜ੍ਹੇ ਸਮੇਂ ਲਈ -2 ਡਿਗਰੀ ਸੈਂਟੀਗ੍ਰੇਡ ਤੇ ਚਲਾ ਜਾਂਦਾ ਹੈ, ਵਿੱਚ ਵੀ ਉਗਾਏ ਪਾਏ ਜਾਂਦੇ ਹਨ।

ਇਹ ਗਰਮੀ ਦੇ ਮਈ-ਜੂਨ ਮਹੀਨਿਆਂ ਦੌਰਾਨ ਗਰਮ ਅਤੇ ਖ਼ੁਸ਼ਕ ਮੌਸਮ ਸਹਿਣ ਕਰ ਸਕਦਾ ਹੈ ਕਿਉਂਕਿ ਇਸ ਦੇ ਬੂਟੇ ਪੱਤੇ ਸੁੱਟ ਕੇ ਸਿਥਲ ਅਵਸਥਾ ਵਿੱਚ ਚਲੇ ਜਾਂਦੇ ਹਨ। ਬਰਸਾਤ ਸ਼ੁਰੂ ਹੋਣ ਤੇ ਜੁਲਾਈ 'ਚ ਨਵਾਂ ਫੁਟਾਰਾ ਸ਼ੁਰੂ ਹੁੰਦਾ ਹੈ। ਇਹ ਵਾਧਾ ਨਵੰਬਰ ਅੱਧ ਤੱਕ ਜਾਰੀ ਰਹਿੰਦਾ ਹੈ ਅਤੇ ਸਰਦੀ ਸ਼ੁਰੂ ਹੋਣ ਤੇ ਬੰਦ ਹੋ ਜਾਂਦਾ ਹੈ।

ਬੇਰ ਦੀ ਕਾਸ਼ਤ ਉਨ੍ਹਾਂ ਜ਼ਮੀਨਾਂ 'ਚ ਵੀ ਕੀਤੀ ਜਾ ਸਕਦੀ ਹੈ ਜੋ ਹਾਲੇ ਤੱਕ ਮਾਮੂਲੀ ਜਾਂ ਹੋਰ ਫ਼ਲ ਉਗਾਉਣ ਲਈ ਢੁਕਵੀਆਂ ਨਹੀਂ ਸਮਝੀਆਂ ਜਾਂਦੀਆਂ। ਇਸ ਦਾ ਬੂਟਾ ਡੂੰਘੀਆਂ ਜੜ੍ਹਾਂ ਫ਼ੈਲਾਅ ਲੈਂਦਾ ਹੈ ਅਤੇ ਇਸ ਕਰਕੇ ਵੱਖ ਵੱਖ ਕਿਸਮ ਦੀ ਧਰਤੀ ਵਿੱਚ ਆਪਣੇ ਆਪ ਨੂੰ ਢਾਲ ਲੈਂਦਾ ਹੈ। ਬੇਰ ਖਾਰੀਆਂ, ਔੜ ਮਾਰੀਆਂ, ਕਲਰਾਠੀਆਂ ਅਤੇ ਸੇਮ ਵਾਲੀਆਂ ਧਰਤੀਆਂ 'ਚ ਚੰਗੀ ਤਰ੍ਹਾਂ ਉਗਾਏ ਜਾਣ ਦੀ ਯੋਗਤਾ ਰੱਖਦਾ ਹੈ। ਜਿਨ੍ਹਾਂ ਜ਼ਮੀਨਾਂ ਦਾ ਪੀ ਐਚ-9.2 ਤੱਕ ਹੈ, ਉਨ੍ਹਾਂ ਵਿੱਚ ਵੀ

ਵਧ ਫੁੱਲ ਸਕਦਾ ਹੈ । ਫਿਰ ਵੀ ਬੂਟੇ ਦੇ ਚੰਗੇ ਵਾਧੇ ਅਤੇ ਝਾੜ ਲੈਣ ਲਈ ਜ਼ਮੀਨ ਡੂੰਘੀ, ਰੇਤਲੀ-ਮੈਰਾ ਜੋ ਕਿ ਨਾ ਖ਼ਾਰੀ ਹੋਵੇ, ਨਾ ਤੇਜ਼ਾਬੀ ਜਾਂ ਹਲਕੀ ਜਿਹੀ ਕਲਰਾਠੀ ਅਤੇ ਚੰਗੇ ਜਲ ਨਿਕਾਸ ਵਾਲੀ ਹੋਣੀ ਚਾਹੀਦੀ ਹੈ ।

ਉੱਨਤ ਕਿਸਮਾਂ : ਕਾਮਯਾਬ ਕਾਸ਼ਤ ਲਈ ਉਚਿਤ ਕਿਸਮਾਂ ਦੀ ਚੋਣ ਸਰਵੋਤਮ ਮਹੱਤਤਾ ਰੱਖਦੀ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬਾਗਬਾਨੀ ਵਿਭਾਗ ਅਤੇ ਫ਼ਲ ਖੋਜ ਕੇਂਦਰ, ਬਹਾਦੁਰਗੜ੍ਹ (ਪਟਿਆਲਾ) ਵਿਖੇ ਬੇਰਾਂ ਦੀਆਂ 40 ਕਿਸਮਾਂ ਲਈ ਝਾੜ ਅਤੇ ਫ਼ਲਾਂ ਦੇ ਗੁਣਾਂ ਦੀ ਜਾਂਚ ਲਈ ਕਈ ਸਾਲ ਛਾਣਬੀਣ ਅਤੇ ਮੁਲਾਂਕਣ ਕੀਤਾ ਗਿਆ । ਇਹ ਕਿਸਮਾਂ ਕਾਠਾ ਬੇਰ ਪੌਦ ਤੇ ਆਪਣੀ ਜਗ੍ਹਾ ਤੇ ਪਿਉਂਦ ਕੀਤੀਆਂ ਗਈਆਂ ਸਨ । ਹੇਠਾਂ ਵਪਾਰਕ ਖੇਤੀ ਲਈ ਪ੍ਰਮਾਣਿਤ ਕਿਸਮਾਂ ਦੇ ਵਿਸ਼ੇਸ਼ ਲੱਛਣ ਦੱਸੇ ਗਏ ਹਨ ।

ਉਮਰਾਨ : ਇਹ ਕਿਸਮ ਬਹੁਤ ਵਧੀਆ ਸਮਝੀ ਜਾਂਦੀ ਹੈ ਅਤੇ ਵਪਾਰਕ ਪੱਧਰ ਦੀ ਕਾਸ਼ਤ ਕਰਨ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ । ਇਹ ਜੱਦੀ ਤੌਰ ਤੇ ਰਾਜਸਥਾਨ ਤੋਂ ਹੈ ਅਤੇ ਅਲਵਰ ਤੋਂ ਲਿਆਂਦੀ ਗਈ ਹੈ । ਇਹ ਕਿਸਮ ਵੱਡੀ ਪੱਧਰ ਤੇ ਪੰਜਾਬ, ਹਰਿਆਣਾ, ਰਾਜਸਥਾਨ, ਗੁਜਰਾਤ ਅਤੇ ਮਹਾਂਰਾਸ਼ਟਰ 'ਚ ਕਾਸ਼ਤ ਕੀਤੀ ਜਾਂਦੀ ਹੈ । ਦਰਖ਼ਤ ਖਿੱਲਰਵਾਂ ਅਤੇ ਫ਼ੈਲਾਅ ਵਾਲਾ ਹੁੰਦਾ ਹੈ । ਫ਼ਲ ਕਰੜਾ ਅਤੇ ਸਖ਼ਤ ਹੈ ਅਤੇ ਬਿਨਾਂ ਕਿਸੇ ਨੁਕਸਾਨ ਦੇ ਲੰਬੇ ਸਫ਼ਰ ਨੂੰ ਸਹਿਣ ਕਰ ਸਕਦਾ ਹੈ । ਫ਼ਲ ਵੱਡਾ ਅਤੇ ਛੋਟੇ ਸੇਬ ਨਾਲ ਰਲਦਾ ਹੈ, ਅੰਡੇ ਦੀ ਸ਼ਕਲ ਦਾ ਟੀਸੀ ਤੋਂ ਗੋਲ ਅਤੇ ਆਕਰਸ਼ਿਤ ਸੁਨਹਿਰੇ ਪੀਲੇ ਰੰਗ ਦਾ ਜੋ ਪੱਕਣ ਤੇ ਚਾਕਲੇਟ ਭੂਰਾ ਹੋ ਜਾਂਦਾ ਹੈ । (ਫ਼ੋਟੋ - 1) ਫ਼ਲ ਮਿੱਠਾ 14-19 ਪ੍ਰਤੀਸ਼ਤ ਮਿਠਾਸ ਅਤੇ ਮਨਮੋਹਣੀ ਸੁਗੰਧੀ ਅਤੇ ਵਧੀਆ ਖਾਣ ਵਾਲੇ ਗੁਣ ਰੱਖਦਾ ਹੈ । ਇਕ ਵੱਧ ਝਾੜ ਦੇਣ ਵਾਲੀ ਕਿਸਮ ਹੈ ਅਤੇ 1500-200 ਕਿਲੋ ਫ਼ਲ ਪ੍ਰਤੀ ਬੂਟਾ ਦਿੰਦੀ ਹੈ । ਫ਼ਲ ਮਾਰਚ ਦੇ ਦੂਜੇ ਪੰਦਰਵਾੜੇ ਤੋਂ ਅੱਧ ਅਪ੍ਰੈਲ ਤੱਕ ਪੱਕਦਾ ਹੈ ਅਤੇ ਵੱਧ ਸਮਾਂ ਰੱਖਣ ਦੇ ਗੁਣ ਰੱਖਦਾ ਹੈ । ਇਸ ਨੂੰ ਧੂੜੇਦਾਰ ਉੱਲੀ ਰੋਗ ਲੱਗਣ ਦਾ ਡਰ ਰਹਿੰਦਾ ਹੈ । ਇਹ ਕਿਸਮ ਕੈਂਡੀ ਬਣਾਉਣ ਲਈ ਵਧੀਆ ਹੈ ।

ਸਨੌਰ-2 : ਜਿਵੇਂ ਕਿ ਨਾਮ ਦਰਸਾਉਂਦਾ ਹੈ, ਇਹ ਸਨੌਰ ਤੋਂ ਜੋ ਕਿ ਪਟਿਆਲੇ ਨੇੜੇ ਇਕ ਕਸਬਾ ਹੈ ਅਤੇ ਬੇਰਾਂ ਦੀ ਕਾਸ਼ਤ ਲਈ ਜਾਣਿਆ ਜਾਂਦਾ ਹੈ, ਚੁਣੀ ਗਈ ਹੈ । ਬੂਟਾ ਖਿੱਲਰਵਾਂ ਅਤੇ ਦਰਮਿਆਨੇ ਫ਼ੈਲਾਅ ਵਾਲਾ ਹੁੰਦਾ ਹੈ। ਇਸ ਦਾ ਫ਼ਲ ਦਿੱਖ 'ਚ ਬਹੁਤ ਆਕਰਸ਼ਿਤ ਹੁੰਦਾ ਹੈ ਅਤੇ ਵਧੀਆ ਗੁਣਾਂ ਵਾਲਾ ਹੈ (ਫ਼ੋਟੋ - 2) । ਇਹ ਕਿਸਮ ਵਪਾਰਕ ਪੱਧਰ ਤੇ ਕਾਸ਼ਤ ਕਰਨ ਲਈ ਸਿਫ਼ਾਰਸ਼ ਕੀਤੀ ਗਈ ਹੈ। ਫ਼ਲ ਵੱਡਾ, ਲੰਬੂਤਰਾ ਤੇ ਟੀਸੀ ਤੋਂ ਗੋਲ ਹੁੰਦਾ ਹੈ । ਪੱਕਣ ਤੇ ਫ਼ਲ ਹਲਕਾ ਪੀਲਾ ਹੋ ਜਾਂਦਾ ਹੈ । ਗੁੱਦਾ ਮਿੱਠਾ ਇੱਕ ਖਾਸ ਸੁਗੰਧ ਵਾਲਾ ਅਤੇ 18-19% ਮਿਠਾਸ ਹੁੰਦੀ ਹੈ । ਇਹ ਅਧਿਕ ਝਾੜ ਦੇਣ ਵਾਲੀ ਕਿਸਮ ਹੈ ਅਤੇ ਔਸਤਨ ਝਾੜ

150 ਕਿਲੋ ਪ੍ਰਤੀ ਬੂਟਾ ਹੈ । ਇਹ ਮੱਧ-ਮੌਸਮੀ ਕਿਸਮ ਹੈ ਅਤੇ ਮਾਰਚ ਦੇ ਦੂਜੇ ਪੰਦਰਵਾੜੇ ਦੌਰਾਨ ਪੱਕਦੀ ਹੈ । ਇਹ ਕਿਸਮ ਧੂੜੇਦਾਰ ਉੱਲੀ ਦੇ ਰੋਗ ਤੋਂ ਕਾਫ਼ੀ ਮੁਕਤ ਹੈ । ਇਹ ਕੰਢੀ ਖੇਤਰ ਲਈ ਬਹੁਤ ਢੁਕਵੀਂ ਕਿਸਮ ਹੈ ।

ਕੈਥਲੀ : ਇਹ ਕਿਸਮ ਹਰਿਆਣੇ 'ਚੋਂ ਕੈਥਲ ਇਲਾਕੇ ਤੋਂ ਚੁਣੀ ਗਈ ਹੈ। ਬੂਟਾ ਸਿੱਧਾ ਵਧਣ ਵਾਲਾ ਅਤੇ ਫ਼ੈਲਾਅ ਵਾਲਾ ਹੁੰਦਾ ਹੈ । ਫ਼ਲ ਦੇ ਮਿੱਠੇ ਸਵਾਦ, ਨਰਮ ਗੁੱਦੇ, 14-16 ਪ੍ਰਤੀਸ਼ਤ ਮਿਠਾਸ ਅਤੇ ਵਧੀਆ ਸੁਗੰਧੀ ਕਰਕੇ ਇਹ ਕਿਸਮ ਲੋਕਲ ਖਪਤ ਲਈ ਹਰਮਨ ਪਿਆਰੀ ਹੈ (ਫ਼ੋਟੋ - 3) । ਫਿਰ ਵੀ ਇਹ ਲੰਬੇ ਸਫ਼ਰ ਨੂੰ ਸਹਿਣ ਨਹੀਂ ਕਰ ਸਕਦੀ ਅਤੇ ਵੱਧ ਸਮਾਂ ਰੱਖਣ ਦੇ ਗੁਣ ਘੱਟ ਹਨ । ਫ਼ਲ ਦਰਮਿਆਨੇ ਆਕਾਰ ਦਾ, ਅੰਡੇ ਦੀ ਸ਼ਕਲ ਦਾ ਅਤੇ ਟੀਸੀ ਪਤਲੀ ਹੁੰਦੀ ਹੈ । ਫ਼ਲ ਮਾਰਚ ਦੇ ਦੂਜੇ ਪੰਦਰਵਾੜੇ ਤੋਂ ਅਪ੍ਰੈਲ ਦੇ ਪਹਿਲੇ ਹਫ਼ਤੇ ਤੱਕ ਪੱਕਦਾ ਹੈ । ਔਸਤਨ ਝਾੜ 120 ਕਿਲੋ ਪ੍ਰਤੀ ਬੂਟਾ ਹੈ । ਕਦੇ ਇਸ ਕਿਸਮ ਨੂੰ ਧੂੜੇਦਾਰ ਉੱਲੀ ਦਾ ਰੋਗ ਬਹੁਤ ਲੱਗ ਜਾਂਦਾ ਹੈ ।

ਜੈੱਡ.ਜੀ.-2 : ਜੈਡ.ਜੀ. ਜ਼ਿਜ਼ੀਫ਼ਸ ਪਿਉਂਦੀ ਦਰਸਾਉਂਦਾ ਹੈ ਅਤੇ ਨੰਬਰ ਖਾਸ ਸਟਰੇਨ ਨੂੰ ਦਰਸਾਉਂਦਾ ਹੈ । ਇਹ ਸਟਰੇਨ ਗੌਰਮਿੰਟ ਫਰੂਟ ਫਾਰਮ ਜਲੰਧਰ ਤੋਂ ਲਿਆ ਗਿਆ ਸੀ । ਬੂਟਾ ਖਿੱਲਰਵਾਂ ਅਤੇ ਫ਼ੈਲਾਅ ਵਾਲਾ ਹੁੰਦਾ ਹੈ । ਇਹ ਕਿਸਮ ਆਪਣੇ ਵਧੀਆ ਫ਼ਲ ਗੁਣਾਂ ਕਰਕੇ ਬਹੁਤ ਨਾਮਣਾ ਖੱਟ ਚੁੱਕੀ ਹੈ (ਫ਼ੋਟੋ - 4) । ਗੁੱਦਾ ਨਰਮ ਅਤੇ ਖੱਟੇ-ਮਿੱਠੇ ਵਧੀਆ ਅਨੁਪਾਤ ਵਾਲਾ ਹੈ । ਪੱਕਣ ਤੇ ਫ਼ਲ ਦਾ ਰੰਗ ਹਲਕਾ ਪੀਲਾ ਅਤੇ ਮਿਠਾਸ 13.0 ਪ੍ਰਤੀਸ਼ਤ ਹੁੰਦੀ ਹੈ । ਔਸਤਨ ਝਾੜ 150 ਕਿਲੋ ਪ੍ਰਤੀ ਬੂਟਾ ਹੈ ਅਤੇ ਪੱਕਣ ਦਾ ਸਮਾਂ ਮਾਰਚ ਦਾ ਦੂਜਾ ਪੰਦਰਵਾੜਾ ਤੋਂ ਲੈ ਕੇ ਅਪ੍ਰੈਲ ਦਾ ਪਹਿਲਾ ਹਫ਼ਤਾ ਹੈ । ਫ਼ਲ ਟੀਸੀ ਵਾਲੇ ਪਾਸੇ ਤੋਂ ਪੱਕਣਾ ਸ਼ੁਰੂ ਕਰਦਾ ਹੈ ਜਿੱਥੇ ਹਲਕੇ ਭੂਰੇ ਰੰਗ ਦਾ ਨਿਸ਼ਾਨ ਦਿਸਦਾ ਹੈ । ਇਹ ਕਿਸਮ ਲੋਕਲ ਮਾਰਕੀਟ ਲਈ ਉਗਾਉਣ ਵਾਸਤੇ ਸਿਫ਼ਾਰਸ਼ ਕੀਤੀ ਗਈ ਹੈ । ਇਸ ਨੂੰ ਧੂੜੇਦਾਰ ਉੱਲੀ ਦਾ ਰੋਗ ਘੱਟ ਲੱਗਦਾ ਹੈ ।

ਵਲਾਇਤੀ : ਇਹ ਕਿਸਮ ਪਟਿਆਲੇ ਜ਼ਿਲ੍ਹੇ ਦੇ ਸਨੌਰ ਖੇਤਰ ਤੋਂ ਚੁਣੀ ਗਈ ਹੈ। ਇਸ ਦੀ ਦਿੱਖ ਵਿਦੇਸ਼ੀ ਹੋਣ ਕਰਕੇ ਇਸ ਨੂੰ ਵਲਾਇਤੀ ਕਿਹਾ ਗਿਆ ਹੈ । ਬੂਟਾ ਦਰਮਿਆਨਾ ਸਿੱਧਾ ਤੋਂ ਸਿੱਧਾ ਅਤੇ ਮੱਧ ਫ਼ੈਲਾਅ ਵਾਲਾ ਹੁੰਦਾ ਹੈ । ਫ਼ਲ ਦਰਮਿਆਨੇ ਆਕਾਰ ਦਾ ਅੰਡੇ ਦੀ ਸ਼ਕਲ ਵਾਲਾ, ਛਿਲਕਾ ਚਮਕੀਲਾ ਅਤੇ ਪੱਕਣ ਤੇ ਹਲਕੇ ਸੁਨਹਿਰੀ ਪੀਲੇ ਤੋਂ ਸੁਨਹਿਰੀ ਪੀਲੇ ਰੰਗ ਦਾ ਹੋ ਜਾਂਦਾ ਹੈ (ਫ਼ੋਟੋ - 5)। ਗੁੱਦਾ ਨਰਮ, ਮਿੱਠਾ ਤੇ ਮਿਠਾਸ 13.8 ਤੋਂ 15.0 ਪ੍ਰਤੀਸ਼ਤ ਹੁੰਦੀ ਹੈ । ਇਹ ਇਕ ਅਗੇਤੀ ਕਿਸਮ ਹੈ ਅਤੇ ਮਾਰਚ ਦੇ ਪਹਿਲੇ ਪੰਦਰਵਾੜੇ ਦੌਰਾਨ ਪੱਕਦੀ ਹੈ । ਔਸਤਨ ਝਾੜ 114 ਕਿਲੋ ਪ੍ਰਤੀ ਬੂਟਾ ਹੈ । ਇਸ ਨੂੰ ਧੂੜੇਦਾਰ ਉੱਲੀ ਦਾ ਰੋਗ ਦਰਮਿਆਨੀ ਪੱਧਰ ਦਾ ਲੱਗਦਾ ਹੈ ।

ਬੂਟੇ ਲਗਾਉਣਾ ਅਤੇ ਲਗਾਉਣ ਉਪਰੰਤ ਦੇਖ-ਭਾਲ

ਪਿਉਂਦੀ ਬੂਟਿਆਂ ਨੂੰ ਫ਼ਰਵਰੀ-ਮਾਰਚ ਅਤੇ ਫਿਰ ਅਗਸਤ-ਸਤੰਬਰ ਦੌਰਾਨ ਲਗਾਇਆ ਜਾ ਸਕਦਾ ਹੈ, ਪ੍ਰੰਤੂ ਮਗਰਲਾ ਲਗਾਉਣ ਦਾ ਮੌਸਮ ਵਧੇਰੇ ਕਾਮਯਾਬੀ ਦਿੰਦਾ ਹੈ । ਬੇਰਾਂ ਦੇ ਬੂਟੇ ਨੰਗੀਆਂ ਜੜ੍ਹਾਂ (ਬਗੈਰ ਗਾਚੀ) ਨਾਲ ਵੀ ਅੱਧ ਜਨਵਰੀ ਤੋਂ ਅੱਧ ਫ਼ਰਵਰੀ ਤੱਕ ਸਫ਼ਲਤਾ ਨਾਲ ਲਗਾਏ ਜਾ ਸਕਦੇ ਹਨ । ਨਰਸਰੀ 'ਚੋਂ ਬੂਟੇ ਚੁੱਕਣ ਤੋਂ ਪਹਿਲਾਂ ਉਨ੍ਹਾਂ ਦੇ ਪੱਤੇ ਲਾਹ ਦਿਉ ।

ਬੂਟੇ ਖੇਤ 'ਚ ਲਗਾਉਣ ਤੋਂ ਪਹਿਲਾਂ, ਬਾਗ ਵਾਲੀ ਜਗ੍ਹਾ ਦੀ ਵਰਗਾਕਾਰ ਢੰਗ ਮੁਤਾਬਕ ਚੰਗੀ ਤਰ੍ਹਾਂ ਨਿਸ਼ਾਨਦੇਹੀ ਕਰ ਲਓ । ਇਕ ਮੀਟਰ ਡੂੰਘਾ ਅਤੇ ਇੱਕ ਮੀਟਰ ਚੌੜਾ ਟੋਆ ਪੁੱਟਣਾ ਚਾਹੀਦਾ ਹੈ । ਬੂਟੇ ਲਗਾਉਣ ਤੋਂ ਪਹਿਲਾਂ ਟੋਆ ਇਕ ਮਹੀਨਾ ਖੁੱਲਾ ਛੱਡੀ ਰੱਖੋ । ਟੋਏ ਨੂੰ ਉੱਪਰਲੀ ਮਿੱਟੀ, 20 ਕਿਲੋ ਗਲੀ ਸੜੀ ਰੂੜੀ ਅਤੇ 1 ਕਿਲੋ ਸੁਪਰਫ਼ਾਸਫ਼ੇਟ ਦੇ ਮਿਸ਼ਰਣ ਨਾਲ ਪ੍ਰਤੀ ਟੋਆ ਭਰਨਾ ਚਾਹੀਦਾ ਹੈ। ਸਿਉਂਕ ਦੇ ਹਮਲੇ ਤੋਂ ਬਚਾਓ ਲਈ 30 ਗ੍ਰਾਮ ਲਿੰਡੇਨ 5% ਧੂੜਾ ਜਾਂ 5 ਮਿਲੀਲਿਟਰ ਕਲੋਰਪਾਈਰੀਫ਼ਾਸ 20 ਈ ਸੀ 2 ਕਿਲੋ ਮਿੱਟੀ 'ਚ ਰਲਾ ਕੇ ਪ੍ਰਤੀ ਟੋਆ ਪਾਉ। ਭਰੇ ਹੋਏ ਟੋਏ ਜ਼ਮੀਨ ਦੇ ਧਰਾਤਲ ਤੋਂ 2-3 ਸੈਂਟੀਮੀਟਰ ਉੱਚੇ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਚੰਗੀ ਤਰ੍ਹਾਂ ਸਿੰਚਾਈ ਕਰੋ ਤਾਂ ਜੋ ਢਿੱਲੀ ਮਿੱਟੀ ਠੀਕ ਤਰ੍ਹਾਂ ਬੈਠ ਜਾਏ। ਪਲਾਂਟਿੰਗ ਬੋਰਡ ਦੀ ਮਦਦ ਨਾਲ ਪੌਦਾ ਟੋਏ ਦੇ ਕੇਂਦਰ 'ਚ ਲਗਾਓ ਅਤੇ ਇਸ ਦਾ ਜ਼ਮੀਨ ਦਾ ਧਰਾਤਲ ਉਹੀ ਰੱਖੋ ਜੋ ਨਰਸਰੀ ਵੇਲੇ ਸੀ । ਪਿਉਂਦੀ ਜੋੜ ਜ਼ਮੀਨ ਦੇ ਧਰਾਤਲ ਤੋਂ 15-20 ਸੈਂਟੀਮੀਟਰ ਉੱਚਾ ਰਹੇ । ਪੌਦੇ ਨੂੰ ਲਗਾਉਣ ਤੋਂ ਤੁਰੰਤ ਬਾਅਦ ਪਾਣੀ ਦਿਉ । ਪਹਿਲੇ ਦੋ ਮਹੀਨਿਆਂ ਦੌਰਾਨ ਪਾਣੀ ਹਰ 4-6 ਦਿਨਾਂ ਬਾਅਦ ਦਿੰਦੇ ਰਹੋ ਅਤੇ ਅਗਲੇ 3-4 ਮਹੀਨਿਆਂ ਲਈ ਜਾਂ ਜਦ ਤੱਕ ਪੌਦਾ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੋ ਜਾਂਦਾ ਹਰ 7-10 ਦਿਨਾਂ ਬਾਅਦ ਪਾਣੀ ਦਿੰਦੇ ਰਹੋ ।

ਪਿਉਂਦੀ ਬੂਟੇ ਦੀ ਫ਼ੈਲਣ ਦੀ ਆਦਤ ਹੁੰਦੀ ਹੈ ਅਤੇ ਇਹ ਇਕ ਵੱਡੇ ਬੂਟੇ ਦੇ ਰੂਪ 'ਚ ਵਧਦਾ ਹੈ । ਸਿਹਤਮੰਦ ਵਾਧੇ ਅਤੇ ਫ਼ਲਣ ਲਈ ਬੂਟੇ ਨੂੰ ਸਹੀ ਫ਼ਾਸਲਾ ਚਾਹੀਦਾ ਹੈ । ਚੰਗੀ ਆਮਦਨ ਲੈਣ ਲਈ, ਬੇਰ ਦੇ ਪੌਦੇ ਵਰਗਾਕਾਰ ਢੰਗ (ਕਤਾਰ ਤੋਂ ਕਤਾਰ ਅਤੇ ਪੌਦੇ ਤੋਂ ਪੌਦਾ) ਰਾਹੀਂ 7.5 ਮੀਟਰ ਫ਼ਾਸਲੇ ਤੇ ਲਾਉਣੇ ਚਾਹੀਦੇ ਹਨ, ਇਸ ਤਰ੍ਹਾਂ ਪ੍ਰਤੀ ਹੈਕਟੇਅਰ 180 ਬੂਟੇ ਲਗਦੇ ਹਨ । ਫਿਰ ਵੀ ਬਰਾਨੀ ਤੇ ਖੁਸ਼ਕ ਹਾਲਤਾਂ 'ਚ ਬੇਰ ਦੇ ਬੂਟੇ 6x6 ਮੀਟਰ ਫ਼ਾਸਲੇ ਤੇ ਲਗਾਏ ਜਾ ਸਕਦੇ ਹਨ ।

ਬੇਰ ਦੀ ਫ਼ਸਲ ਦੀ ਆਮਦਨ ਆਮ ਹਾਲਤਾਂ ਨਾਲੋਂ ਮੱਧ-ਫੈਲਾਓ ਵਾਲੇ ਜੜ੍ਹ-ਮੁੱਢ ਤੇ ਉਗਾ ਕੇ ਵਧਾਈ ਜਾ ਸਕਦੀ ਹੈ । ਬੇਰ ਦੇ ਪੌਦੇ ਕੋਇੰਬਟੋਰ ਜੜ੍ਹ-ਮੁੱਢ ਤੇ ਵਰਗਾਕਾਰ ਢੰਗ ਨਾਲ 6x6 ਮੀਟਰ ਫ਼ਾਸਲੇ ਤੇ ਲਗਾ ਕੇ 275 ਬੂਟੇ ਪ੍ਰਤੀ ਹੈਕਟੇਅਰ ਲਗਾਏ ਜਾ ਸਕਦੇ ਹਨ ।

ਨਰਸਰੀ ਤੋਂ ਬੂਟੇ ਪੁੱਟਣਾ : ਬੇਰ ਦੇ ਪਿਉਂਦੀ ਬੂਟੇ ਫ਼ਰਵਰੀ-ਮਾਰਚ ਅਤੇ ਅਗਸਤ-ਸਤੰਬਰ ਦੌਰਾਨ ਲਗਾਉਣੇ ਚਾਹੀਦੇ ਹਨ । ਬੂਟੇ ਨਰਸਰੀ ਤੋਂ ਚੰਗੇ ਆਕਾਰ ਦੀ ਮਿੱਟੀ ਦੀ ਗਾਚੀ ਨਾਲ ਪੁੱਟੇ ਜਾਂਦੇ ਹਨ ਤਾਂ ਜੋ ਇਨ੍ਹਾਂ ਦਾ ਜੜ੍ਹ ਢਾਂਚਾ ਜ਼ਿਆਦਾ ਪ੍ਰਭਾਵਿਤ ਨਾ ਹੋਵੇ । ਬੂਟੇ ਬਹੁਤ ਧਿਆਨ ਨਾਲ ਬੰਨ੍ਹਣੇ ਚਾਹੀਦੇ ਹਨ ਤਾਂ ਜੋ ਮਿੱਟੀ ਦੀ ਗਾਚੀ ਸਾਬਤ ਰਹੇ । ਮਿੱਟੀ ਦੀ ਗਾਚੀ ਸਫ਼ਰ ਦੌਰਾਨ ਅਤੇ ਬੂਟੇ ਲਗਾਉਣ ਤੱਕ ਲਗਾਤਾਰ ਗਿੱਲੀ ਰੱਖਣੀ ਚਾਹੀਦੀ ਹੈ ਤਾਂ ਜੋ ਬੂਟੇ ਦੀਆਂ ਜੜ੍ਹਾਂ ਵਿਚਕਾਰਲੇ ਸਮੇਂ ਦੌਰਾਨ ਸੁੱਕ ਨਾ ਜਾਣ ।

ਜਦ ਬੂਟੇ ਨੰਗੀਆਂ ਜੜ੍ਹਾਂ ਨਾਲ ਪੁੱਟਣੇ ਹਨ ਤਾਂ ਨਰਸਰੀ 'ਚੋਂ ਪੁੱਟਣ ਤੋਂ ਪਹਿਲਾਂ ਪਿਉਂਦੀ ਬੂਟੇ ਦੇ ਪੱਤੇ ਅਤੇ ਟਹਿਣੀਆਂ ਲਾਹ ਦਿਉ । ਇਹ ਬੂਟੇ ਜ਼ਮੀਨ ਦੇ ਧਰਾਤਲ ਤੋਂ 60-75 ਸੈਂਟੀਮੀਟਰ ਤੇ ਉਪਰੋਂ ਕੱਟ ਦਿਓ । ਫਿਰ ਇਹ ਬੂਟੇ ਕਹੀ ਤੇ ਖੁਰਪੇ ਦੀ ਮਦਦ ਨਾਲ ਜ਼ਮੀਨ ਚੋਂ ਪੁੱਟੋ ਤੇ ਵੱਧ ਤੋਂ ਵੱਧ ਖੁਰਾਕੀ ਜੜ੍ਹਾਂ ਨਾਲ ਰੱਖੋ। ਇਨ੍ਹਾਂ ਬੂਟਿਆਂ ਨੂੰ ਬੰਡਲ ਵਿੱਚ ਢਿੱਲੇ ਰੱਖ ਕੇ ਬੰਨੋ ਅਤੇ ਗਿੱਲੀ ਪਰਾਲੀ 'ਚ ਲਪੇਟੋ। ਇਨ੍ਹਾਂ ਬੂਟਿਆਂ ਦੀ ਸੁਧਰੇ ਹੋਏ ਲੀਡਰ ਢੰਗ ਨਾਲ ਆਸਾਨੀ ਨਾਲ ਸਧਾਈ ਕੀਤੀ ਜਾ ਸਕਦੀ ਹੈ ।

ਛੋਟੇ ਬੂਟਿਆਂ ਦੀ ਦੇਖਭਾਲ : ਬੂਟੇ ਸ਼ੁਰੂ ਦੀਆਂ ਹਾਲਤਾਂ 'ਚ ਬਿਨਾਂ ਪੂਰਾ ਧਿਆਨ ਦਿੱਤੇ ਜ਼ਿਆਦਾ ਵਾਧਾ ਨਹੀਂ ਕਰਦੇ । ਨਵੇਂ ਲਗਾਏ ਪੌਦਿਆਂ ਦੀ ਛੇਤੀ ਛੇਤੀ ਪ੍ਰੰਤੂ ਹਲਕੀ ਹਲਕੀ ਸਿੰਚਾਈ ਕਰਨੀ ਚਾਹੀਦੀ ਹੈ । ਪਿਉਂਦੀ ਫੁਟਾਰੇ ਦੇ ਵਾਧੇ ਲਈ ਇਹ ਜ਼ਰੂਰੀ ਹੈ ਕਿ ਬੂਟੇ ਦੇ ਪਿਉਂਦੀ ਜੋੜ ਤੋਂ ਹੇਠੋਂ ਫੁੱਟੀਆਂ ਸਭ ਟਹਿਣੀਆਂ ਲਗਾਤਾਰ ਕੱਟਦੇ ਰਹੋ । ਬੂਟੇ ਨੂੰ ਸਿੱਧਾ ਵਧਣ ਲਈ ਚੰਗੀ ਤਰ੍ਹਾਂ ਸਹਾਰਾ ਦੇਣਾ ਚਾਹੀਦਾ ਹੈ । ਤੇਜ਼ ਹਵਾਵਾਂ ਤੋਂ ਬੂਟੇ ਦੇ ਬਚਾਓ ਲਈ ਦਰਖ਼ਤ ਦੇ ਦੁਆਲੇ ਮਿੱਟੀ ਚੜਾਓ ਜੋ ਕਿ ਇਸ ਨੂੰ ਉੱਖੜਨ ਤੋਂ ਬਚਾਉਂਦੀ ਹੈ । ਸੂਰਜ ਦੀ ਗਰਮੀ ਤੋਂ ਬੂਟੇ ਬਚਾਉਣੇ ਚਾਹੀਦੇ ਹਨ ਅਤੇ ਇਨ੍ਹਾਂ 'ਚ ਖੜ੍ਹੇ ਫ਼ਾਲਤੂ ਪਾਣੀ ਦਾ ਨਿਕਾਸ ਕਰਨਾ ਚਾਹੀਦਾ ਹੈ । ਢੁਕਵੇਂ ਪੌਦ ਸੁਰੱਖਿਆ ਉਪਾਅ ਕਰਕੇ ਬੂਟੇ ਨੂੰ ਕੀੜੇ-ਮਕੌੜੇ ਅਤੇ ਬੀਮਾਰੀਆਂ ਤੋਂ ਰਹਿਤ ਰੱਖੋ ।

ਹਵਾ-ਰੋਕੂ ਵਾੜ ਵਜੋਂ ਲਗਾਉਣਾ : ਬੇਰੀ ਦੇ ਬੂਟੇ ਆਮ ਬਾਗ ਲਗਾਉਣ ਤੋਂ ਇਲਾਵਾ ਹੋਰ ਬਾਗਾਂ ਦੁਆਲੇ ਹਵਾ-ਰੋਕੂ ਵਾੜ ਦੇ ਤੌਰ ਤੇ ਵੀ ਕਾਮਯਾਬੀ ਨਾਲ ਲਗਾਏ ਜਾ ਸਕਦੇ ਹਨ । ਉੱਚੇ ਵਧਣ ਵਾਲੇ ਦਰਖ਼ਤ ਜਿਵੇਂ ਕਿ ਸਫ਼ੈਦਾ, ਅਰਜਨ

ਅਤੇ ਸਿੰਬਲ, ਬੇਰ ਜੋ ਕਿ ਛੋਟੇ ਕੱਦ ਦਾ ਦਰਖ਼ਤ ਹੈ, ਦੇ ਵਿਚਕਾਰ ਲਗਾਉਣੇ ਚਾਹੀਦੇ ਹਨ ।

ਜੜ੍ਹ-ਮੁੱਢ ਅਤੇ ਨਸਲੀ ਵਾਧਾ : ਕਾਠੇ ਬੇਰ ਦੀਆਂ ਗਿਟਕਾਂ ਆਮ ਤੌਰ ਤੇ ਜੜ੍ਹ-ਮੁੱਢ ਉਗਾਉਣ ਲਈ ਵਰਤੀਆਂ ਜਾਂਦੀਆਂ ਹਨ । ਕਾਠੇ ਬੇਰ ਦੀਆਂ ਗਿਟਕਾਂ ਬੜੀ ਆਸਾਨੀ ਨਾਲ ਜੰਗਲੀ ਉੱਗੇ ਦਰਖ਼ਤਾਂ ਤੋਂ ਮਿਲ ਜਾਂਦੀਆਂ ਹਨ ਅਤੇ ਇਨ੍ਹਾਂ ਵਿੱਚ ਇੱਕ ਚੰਗੇ ਜੜ੍ਹ-ਮੁੱਢ ਵਾਲੇ ਗੁਣ ਹੁੰਦੇ ਹਨ । ਵੱਧ ਉਤਪਾਦਨ ਲੈਣ ਲਈ ਬੇਰ ਦੇ ਪੌਦੇ ਈਲੋਂਗੇਟਡ ਦੇਹਰਾਦੂਨ ਤੇ ਪਿਉਂਦ ਕੀਤੇ ਜਾ ਸਕਦੇ ਹਨ । ਬੇਰ ਦੇ ਬੂਟੇ ਦਰਮਿਆਨੇ ਫ਼ੈਲਾਓ ਵਾਲੇ ਜੜ੍ਹ-ਮੁੱਢ ਕੋਇੰਬਟੋਰ ਤੇ ਉਗਾ ਕੇ ਲਾਭਦਾਇਕ ਢੰਗ ਨਾਲ 6x6 ਮੀਟਰ ਫ਼ਾਸਲੇ ਤੇ ਲਗਾਏ ਜਾ ਸਕਦੇ ਹਨ । ਉਮਰਾਨ ਦੇ ਬੂਟੇ ਇਸ ਜੜ੍ਹ-ਮੁੱਢ ਤੇ 6 ਮੀਟਰ ਦੀ ਚੌੜਾਈ ਤੱਕ ਵਧਦੇ ਹਨ ਜਦ ਕਿ ਨਰੋਏ ਜੜ੍ਹ-ਮੁੱਢ (ਕਾਠਾ ਬੇਰ ਤੇ ਈਲੋਂਗੇਟਡ ਦੇਹਰਾਦੂਨ) ਤੇ ਇਹ ਚੌੜਾਈ 7.5 ਮੀਟਰ ਤੱਕ ਚਲੀ ਜਾਂਦੀ ਹੈ। ਇਸ ਤਰ੍ਹਾਂ 50 ਪ੍ਰਤੀਸ਼ਤ ਵੱਧ ਪੌਦੇ ਪ੍ਰਤੀ ਹੈਕਟੇਅਰ ਲਗਾ ਕੇ ਚੰਗੇ ਗੁਣਾਂ ਵਾਲੇ ਫ਼ਲਾਂ ਨਾਲ 20 ਪ੍ਰਤੀਸ਼ਤ ਵਧੇਰੇ ਝਾੜ ਲਿਆ ਜਾ ਸਕਦਾ ਹੈ ।

ਮਲ੍ਹੇ ਬੇਰ ਦੀਆਂ ਗਿਟਕਾਂ ਵੀ ਜੜ੍ਹ-ਮੁੱਢ ਵਜੋਂ ਵਰਤ ਸਕਦੇ ਹਾਂ । ਇਸ ਜੜ੍ਹ-ਮੁੱਢ ਦੀ ਪਿਉਂਦ ਬਹੁਤ ਹੌਲੀ ਵਧਦੀ ਹੈ ਅਤੇ ਕਾਠੇ ਬੇਰ ਦੇ ਮੁਕਾਬਲੇ ਲੰਮੇ ਸਮੇਂ ਬਾਅਦ ਪਿਉਂਦ ਕਰਨ ਯੋਗ ਹੁੰਦੀ ਹੈ ।

ਜੜ੍ਹ-ਮੁੱਢ ਉਗਾਉਣਾ : ਬੇਰ ਦੀਆਂ ਗਿਟਕਾਂ ਬਹੁਤ ਮੁਸ਼ਕਲ ਨਾਲ ਜੰਮਦੀਆਂ ਹਨ ਕਿਉਂਕਿ ਇਸ ਦਾ ਬੀਜ ਪਥਰੀਲੀ ਛਿੱਲੜ ਵਿੱਚ ਘਿਰਿਆ ਹੁੰਦਾ ਹੈ । ਬਹੁਤ ਗਿਣਤੀ ਵਿੱਚ ਇਹ ਗਿਟਕਾਂ ਨਿਰਜਿੰਦ ਹੁੰਦੀਆਂ ਹਨ ਅਤੇ ਬੀਜਣ ਸਮੇਂ ਕਟੌਤੀ ਚਾਹੁੰਦੀਆਂ ਹਨ । ਡਿੱਗੇ ਫ਼ਲਾਂ ਤੋਂ ਇਕੱਠੀਆਂ ਕੀਤੀਆਂ ਗਿਟਕਾਂ 50-70 ਪ੍ਰਤੀਸ਼ਤ ਨਿਰਜਿੰਦ ਹੁੰਦੀਆਂ ਹਨ । ਬੀਜਣ ਤੋਂ ਪਹਿਲਾਂ ਗਿਟਕਾਂ ਨੂੰ 17-18 ਪ੍ਰਤੀਸ਼ਤ ਲੂਣ ਦੇ ਘੋਲ ਵਿੱਚ 24 ਘੰਟੇ ਡੁਬੋ ਲਓ । ਉਪਰ ਤੈਰਦੀਆਂ ਗਿਟਕਾਂ ਨਹੀਂ ਬੀਜਣੀਆਂ ਚਾਹੀਦੀਆਂ ਕਿਉਂਕਿ ਉਹ ਨਿਰਜਿੰਦ ਹੁੰਦੀਆਂ ਹਨ । ਬੇਰ ਦੀਆਂ ਗਿਟਕਾਂ ਸਖ਼ਤ ਛਿੱਲੜ ਨੂੰ ਤਰੇੜ ਕੇ ਵੀ ਬੀਜੀਆਂ ਜਾ ਸਕਦੀਆਂ ਹਨ । ਇਹ ਛੇਤੀ ਨਾਲ 8-10 ਦਿਨਾਂ ਬਾਅਦ ਜੰਮ ਪੈਂਦੀਆਂ ਹਨ । ਫਿਰ ਵੀ, ਵੱਡੀ ਪੱਧਰ ਤੇ ਗਿਟਕਾਂ ਇਸ ਤਰ੍ਹਾਂ ਹੀ ਬੀਜ ਦਿਉ ਤਾਂ ਕਿ ਐਂਬਰੀਉ ਨੂੰ ਸੱਟ ਨਾ ਲੱਗੇ । ਵਧੀਆ ਜੜ੍ਹ ਮੁੱਢ ਤਿਆਰ ਕਰਨ ਲਈ ਇਹ ਜ਼ਰੂਰੀ ਹੈ ਕਿ ਗਿਟਕਾਂ ਸਿਹਤਮੰਦ ਤੇ ਬਲਵਾਨ ਜੰਗਲੀ ਉੱਗੇ ਬੇਰ ਦੇ ਬੂਟਿਆਂ ਤੋਂ ਇਕੱਠੀਆਂ ਕੀਤੀਆਂ ਜਾਣ ।

ਬੇਰ ਦੀ ਪੌਦ ਤਿਆਰ ਕਰਨ ਲਈ ਕਾਠੇ ਬੇਰ ਦੀਆਂ ਗਿਟਕਾਂ ਤਾਜ਼ੇ ਫ਼ਲਾਂ ਵਿਚੋਂ ਕੱਢ ਕੇ ਅਪ੍ਰੈਲ ਵਿੱਚ ਚੰਗੀ ਤਰ੍ਹਾਂ ਤਿਆਰ ਕੀਤੀਆਂ ਕਿਆਰੀਆਂ ਵਿੱਚ ਬੀਜੀਆਂ ਜਾਂਦੀਆਂ ਹਨ । ਗਿਟਕਾਂ 3-4 ਹਫ਼ਤਿਆਂ ਵਿੱਚ ਜੰਮਣਾ ਸ਼ੁਰੂ ਕਰ

ਦਿੰਦੀਆਂ ਹਨ ਅਤੇ ਪੌਦ ਬਹੁਤ ਤੇਜ਼ੀ ਨਾਲ ਵਧਦੀ ਹੈ । ਆਮ ਤੌਰ ਤੇ ਪੌਦੇ ਦੇ ਥੱਲੇ ਤੋਂ ਇੱਕ ਤੋਂ ਵੱਧ ਟਹਿਣੀਆਂ ਨਿਕਲ ਆਉਂਦੀਆਂ ਹਨ । ਪੌਦ ਦਾ ਇਕਹਿਰਾ ਤਣਾ ਰੱਖ ਕੇ ਸੋਧਾਈ ਕਰਨੀ ਚਾਹੀਦੀ ਹੈ । ਇਸ ਤਰ੍ਹਾਂ ਰੱਖੀ ਟਹਿਣੀ ਨੂੰ ਛੇਤੀ ਪਿਉਂਦੀ ਆਕਾਰ ਹਾਸਲ ਕਰਨ 'ਚ ਮਦਦ ਮਿਲੇਗੀ । ਤਕਰੀਬਨ ਚੌਥਾਈ ਪੌਦ ਅਗਸਤ ਤੱਕ ਪੈਨਸਿਲ ਦੀ ਮੋਟਾਈ ਜਿੰਨਾ ਪਿਉਂਦੀ ਆਕਾਰ ਹਾਸਲ ਕਰ ਲੈਂਦੀ ਹੈ ਜਦ ਕਿ ਬਾਕੀ ਅਗਲੇ ਅਪ੍ਰੈਲ ਤੱਕ ਪਿਉਂਦ ਕਰਨ ਲਈ ਤਿਆਰ ਹੋ ਜਾਂਦੀਆਂ ਹਨ ।


ਰੇਤਲੀ ਜਾਂ ਰੇਤਲੀ ਮੈਰਾ ਜ਼ਮੀਨ ਵਿੱਚ ਗਿਟਕਾਂ ਅਪ੍ਰੈਲ 'ਚ ਮੋਮੀ ਲਿਫ਼ਾਫ਼ਿਆਂ 'ਚ ਬੀਜੀਆਂ ਜਾ ਸਕਦੀਆਂ ਹਨ ਅਤੇ ਪੌਦ ਬਿਨਾਂ ਜੜ੍ਹ ਢਾਂਚਾ ਪ੍ਰਭਾਵਿਤ ਕੀਤਿਆਂ ਖੇਤ ਵਿੱਚ ਜੁਲਾਈ-ਅਗਸਤ 'ਚ ਲਗਾ ਸਕਦੇ ਹਾਂ । ਇਸ ਪੌਦ ਤੇ ਸਤੰਬਰ ਜਾਂ ਜਦ ਪਿਉਂਦ ਯੋਗ ਹੋਵੇ, ਉਥੇ ਹੀ ਪਿਉਂਦ ਕਰ ਸਕਦੇ ਹਾਂ । ਬੇਰ ਦੀਆਂ ਗਿਟਕਾਂ ਖੇਤ (ਰੇਤਲੇ ਟਿੱਬਿਆਂ) ਵਿੱਚ ਲੋੜੀਂਦੇ ਫ਼ਾਸਲੇ ਤੇ ਵੀ ਬੀਜੀਆਂ ਜਾ ਸਕਦੀਆਂ ਹਨ ਅਤੇ ਉਥੇ ਹੀ ਪਿਉਂਦ ਕੀਤੀ ਜਾਂਦੀ ਹੈ ਪ੍ਰੰਤੂ ਕਾਮਯਾਬੀ ਘੱਟ ਹੁੰਦੀ ਹੈ ਕਿਉਂਕਿ ਖੁਸ਼ਕ ਤੇ ਗਰਮ ਮਹੀਨਿਆਂ ਦੌਰਾਨ ਬਹੁਤ ਮਿਹਨਤ ਅਤੇ ਸਿੰਚਾਈ ਦੀ ਲੋੜ ਹੁੰਦੀ ਹੈ । ਇਕ ਹੋਰ ਢੰਗ ਅਨੁਸਾਰ ਬੇਰ ਦੀਆਂ ਗਿਟਕਾਂ ਛੋਟੇ ਬਕਸੇ 'ਚ ਜਮਾਈਆਂ ਜਾ ਸਕਦੀਆਂ ਹਨ ਅਤੇ 4 ਪੱਤੀਆਂ ਨਿਕਲ ਕੇ ਪ੍ਰਤੀ ਇਕ ਗਮਲੇ 'ਚ ਤਬਦੀਲ ਕਰ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਬਾਅਦ 'ਚ ਬਰਸਾਤ ਸ਼ੁਰੂ ਹੋਣ ਤੇ ਖੇਤ 'ਚ ਲਗਾ ਦਿੱਤਾ ਜਾਂਦਾ ਹੈ ।

ਮੋਮੀ ਲਿਫ਼ਾਫ਼ਿਆਂ ਅਤੇ ਟਿਊਬਾਂ 'ਚ ਪੌਦ ਉਗਾਉਣਾ : ਬੇਰ ਦੀਆਂ ਗਿਟਕਾਂ ਅਪ੍ਰੈਲ ਮਹੀਨੇ 30x22 ਸੈਂਟੀਮੀਟਰ ਆਕਾਰ ਦੇ ਮੋਮੀ ਲਿਫ਼ਾਫ਼ਿਆਂ ਵਿੱਚ ਵੀ ਉਗਾਈਆਂ ਜਾ ਸਕਦੀਆਂ ਹਨ (ਫ਼ੋਟੋ-6) । ਇਹ ਵਿਧੀ ਪੌਦੇ ਲਿਜਾਣ ਵਿੱਚ ਸਹਾਈ ਹੁੰਦੀ ਹੈ । ਦੋ ਪੱਤੇ ਨਿਕਲਣ ਤੇ ਜਵਾਨ ਪੌਦ ਲਗਾਉਣ ਤੇ 82 ਪ੍ਰਤੀਸ਼ਤ ਖੇਤ 'ਚ ਜੀਵਤ ਰਹਿੰਦੀ ਹੈ ਅਤੇ 72 ਪ੍ਰਤੀਸ਼ਤ ਅੱਖ ਚੜ੍ਹਾਉਣੀ ਸਹੀ ਰਹਿੰਦੀ ਹੈ । ਬੇਰ ਦੇ ਪਿਉਂਦੀ ਬੂਟੇ 300 ਗੇਜ਼


ਫ਼ੋਟੋ-6 : ਮੋਮੀ ਲਿਫ਼ਾਫ਼ੇ ਵਿੱਚ ਤਿਆਰ ਪਿਉਂਦੀ ਬੂਟਾ

ਮੋਟਾਈ ਦੀਆਂ ਪੋਲੀਥੀਨ ਟਿਊਬਾਂ (25x10 ਸੈਂਟੀਮੀਟਰ) ਵਿੱਚ ਵੀ ਉਗਾਏ ਜਾ ਸਕਦੇ ਹਨ । ਗਿਟਕਾਂ ਅਪ੍ਰੈਲ ਦੇ ਪਹਿਲੇ ਪੰਦਰਵਾੜੇ 'ਚ ਚੰਗੀ ਤਰ੍ਹਾਂ ਤਿਆਰ ਕੰਪੋਸਟ ਨਾਲ ਭਰੀਆਂ ਟਿਊਬਾਂ 'ਚ ਬੀਜੀਆਂ ਜਾ ਸਕਦੀਆਂ ਹਨ । ਇਹ ਟਿਊਬਾਂ ਸੂਰਜ ਦੀ ਸਿੱਧੀ ਧੁੱਪ ਤੋਂ ਬਚਾਉਣੀਆਂ ਚਾਹੀਦੀਆਂ ਹਨ । ਤਿੰਨ ਮਹੀਨੇ ਪੁਰਾਣੀ ਪੌਦ ਜੁਲਾਈ 'ਚ ਪਿਉਂਦ ਕੀਤੀ ਜਾਂਦੀ ਹੈ ਅਤੇ ਬੂਟੇ ਅਗਸਤ-ਸਤੰਬਰ ਜਾਂ ਆਉਂਦੇ ਬਹਾਰ ਦੇ ਮੌਸਮ 'ਚ ਲਗਾਉਣ ਲਈ ਤਿਆਰ ਹੋ ਜਾਂਦੇ ਹਨ ।

ਅੱਖ ਚੜ੍ਹਾਉਣੀ : ਬੇਰਾਂ ਦਾ ਨਸਲੀ ਵਾਧਾ ਅੱਖ ਚੜ੍ਹਾ ਕੇ ਕਾਮਯਾਬੀ ਨਾਲ ਕੀਤਾ ਜਾਂਦਾ ਹੈ । ਸੀਲਡ ਜਾਂ ਟੀ-ਨੁਮਾ ਪਿਉਂਦ ਅਤੇ ਛੱਲਾ ਪਿਉਂਦ ਢੰਗ ਵਰਤੇ ਜਾਂਦੇ ਹਨ ਪ੍ਰੰਤੂ ਪਹਿਲੇ ਢੰਗ ਨੂੰ ਤਰਜੀਹ ਦਿੱਤੀ ਜਾਂਦੀ ਹੈ ਕਿਉਂਕਿ ਇਹ ਕਰਨ 'ਚ ਅਸਾਨ ਹੈ । ਪਿਉਂਦ ਉਦੋਂ ਕਰਨੀ ਚਾਹੀਦੀ ਹੈ ਜਦੋਂ ਜੜ੍ਹ-ਮੁੱਢ ਜੋ ਪਿਉਂਦ ਕਰਨਾ ਹੈ, ਵਿਚ ਰਸਾ ਪੂਰਾ ਚਲਦਾ ਹੋਵੇ । ਸੀਲਡ-ਪਿਉਂਦ ਮਾਰਚ-ਅਪ੍ਰੈਲ ਜਾਂ ਜੂਨ-ਸਤੰਬਰ 'ਚ ਕੀਤੀ ਜਾਂਦੀ ਹੈ ਪ੍ਰੰਤੂ ਇਹ ਦੇਖਿਆ ਗਿਆ ਹੈ ਕਿ ਅਗਸਤ-ਸਤੰਬਰ ਦੌਰਾਨ ਕੀਤੀ ਪਿਉਂਦ ਵਧੇਰੇ ਕਾਮਯਾਬ ਰਹਿੰਦੀ ਹੈ । (ਫ਼ੋਟੋ-7)



ਚਿੱਤਰ 7 : ਨਰਸਰੀ ਪੌਦਿਆਂ ਤੇ ਅੱਖ ਚੜ੍ਹਾਉਣ ਦੀ ਵਿਧੀ

ਟੀ-ਨੁਮਾ ਪਿਉਂਦ ਦੀ ਵਿਧੀ ਬਹੁਤ ਆਸਾਨ ਹੈ । ਪਹਿਲਾਂ ਪੌਦ ਦੇ ਤਣੇ ਦੀ ਛਿੱਲੜ ਤੇ ਸਮਤਲ ਸਿੱਧਾ ਕੱਟ ਦਿੱਤਾ ਜਾਂਦਾ ਹੈ ਅਤੇ ਫਿਰ ਖੜ੍ਹਾ ਰੁੱਖ ਹੇਠਾਂ ਕੱਟ ਦਿੱਤਾ ਜਾਂਦਾ ਹੈ । ਛਿੱਲੜ ਨੂੰ ਚਾਕੂ ਦੀ ਪਿਛਲੀ ਨੋਕ ਦੀ ਮਦਦ ਨਾਲ ਢਿੱਲਾ ਕਰ ਲਿਆ ਜਾਂਦਾ ਹੈ ਅਤੇ ਇਹ ਅੱਖ ਫਸਾਉਣ ਲਈ ਤਿਆਰ ਹੈ ।

ਚਾਕੂ ਦੀ ਮਦਦ ਨਾਲ ਅੱਖ ਟਹਿਣੀ ਤੋਂ ਲੱਕੜ ਦਾ ਹਲਕਾ ਜਿਹਾ ਭਾਗ ਰੱਖ ਕੇ ਅੱਖ ਉਤਾਰੀ ਜਾਂਦੀ ਹੈ । ਅੱਖ ਵਿਚੋਂ ਇਹ ਲੱਕੜ ਬੜੇ ਧਿਆਨ ਨਾਲ ਕੱਢ ਕੇ ਟੀ-ਸ਼ਕਲ ਦੇ ਚੀਰ ਦੇ ਉੱਪਰ ਤੋਂ ਫਸਾ ਦਿੱਤੀ ਜਾਂਦੀ ਹੈ ਅਤੇ ਹੇਠਾਂ ਧਸਾ ਦਿੱਤੀ ਜਾਂਦੀ ਹੈ ਤਾਂ ਜੋ ਇਹ ਪੌਦ ਦੇ ਤਣੇ ਦੇ ਛਿੱਲੜ 'ਚ ਪੂਰੀ ਤਰ੍ਹਾਂ ਫਿੱਟ ਹੋ ਜਾਵੇ । ਅੱਖ ਨੂੰ ਤਦ ਮੋਮੀ ਸ਼ੀਟ ਨਾਲ ਘੁੱਟ ਕੇ ਬੰਨ ਦਿਓ ਤਾਂ ਜੋ ਇਸ ਦੁਆਲੇ ਵਾਲੀ ਛਿੱਲੜ ਪਕੜ 'ਚ ਰਹੇ । ਇਕ ਹਫ਼ਤੇ ਬਾਅਦ ਅੱਖ ਦਾ ਨਿਰੀਖਣ ਕਰੋ । ਜੇਕਰ ਫਸਾਈ ਹੋਈ ਅੱਖ ਅਜੇ ਹਰੀ ਹੈ ਤਾਂ ਜੜ੍ਹ ਮੁੱਢ ਨੂੰ ਪਿਉਂਦੀ ਜੋਨ ਤੋਂ 3-5 ਸੈਂਟੀਮੀਟਰ ਉੱਪਰ ਤੋਂ ਕੱਟ ਦਿਉ । ਅੱਖ ਚੜ੍ਹਾਉਣ ਤੋਂ 2 ਹਫ਼ਤੇ ਬਾਅਦ ਅੱਖ ਫੁੱਟਣਾ ਸ਼ੁਰੂ ਕਰ ਦਿੰਦੀ ਹੈ ਅਤੇ ਪੌਲੀਥੀਨ ਸ਼ੀਟ ਤਦ ਉਤਾਰ ਦੇਣੀ ਚਾਹੀਦੀ ਹੈ । ਪਿਉਂਦੀ ਜੋੜ ਤੋਂ ਹੇਠਾਂ ਉੱਗਿਆ ਫੁਟਾਰਾ ਧਿਆਨ ਨਾਲ ਤੋੜ ਦੇਣਾ ਚਾਹੀਦਾ ਹੈ । ਨਰਸਰੀ ਕਿਆਰੀਆਂ ਨੂੰ ਮੌਕੇ ਅਨੁਸਾਰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ । ਪਿਉਂਦੀ ਅੱਖ ਦਾ ਵਾਧਾ ਬੜੀ ਤੇਜ਼ੀ ਨਾਲ ਹੁੰਦਾ ਹੈ । ਅਪ੍ਰੈਲ ਦੌਰਾਨ ਪਿਉਂਦ ਕੀਤੇ ਬੂਟੇ ਅਗਸਤ-ਸਤੰਬਰ 'ਚ ਵੇਚਣ ਯੋਗ ਹੋ ਜਾਂਦੇ ਹਨ ਜਦ ਕਿ ਜੋ ਬਰਸਾਤ ਦੇ ਮੌਸਮ 'ਚ ਪਿਉਂਦ ਕੀਤੇ ਗਏ ਉਹ ਆਉਂਦੀ ਫ਼ਰਵਰੀ-ਮਾਰਚ 'ਚ ਲਗਾਉਣ ਲਈ ਤਿਆਰ ਹੁੰਦੇ ਹਨ। ਅਗਸਤ-ਸਤੰਬਰ ਦੌਰਾਨ ਕੀਤੀ ਸੀਲਡ ਪਿਉਂਦ 15-81 ਪ੍ਰਤੀਸ਼ਤ ਕਾਮਯਾਬੀ ਦਿੰਦੀ ਹੈ ਜਦ ਕਿ ਅਪ੍ਰੈਲ 'ਚ ਕੀਤੀ ਪਿਉਂਦ ਘੱਟ ਕਾਮਯਾਬੀ ਦਿੰਦੀ ਹੈ ।

ਜਦ ਮੁੱਢਲੀ ਅੱਖ ਨਾ ਚੱਲੇ ਤਾਂ ਜੜ੍ਹ ਮੁੱਢ ਫਿਰ ਪਿਉਂਦ ਕੀਤਾ ਜਾ ਸਕਦਾ ਹੈ । ਇਸ ਹਾਲਤ ਵਿੱਚ ਜੇਕਰ ਪਿਉਂਦ ਫਿਰ ਵੀ ਕਾਮਯਾਬ ਨਹੀਂ ਹੁੰਦੀ ਤਾਂ ਫ਼ਰਵਰੀ 'ਚ ਜੜ੍ਹ-ਮੁੱਢ ਨੂੰ ਜ਼ਮੀਨ ਤੋਂ 1.5 ਸੈਂਟੀਮੀਟਰ ਤੇ ਕੱਟ ਦਿਓ । ਮਾਰਚ-ਅਪ੍ਰੈਲ 'ਚ ਇਸ ਜੜ੍ਹ ਮੁੱਢ ਦੇ ਕੱਟ ਤੋਂ ਨਰੋਈਆਂ ਟਹਿਣੀਆਂ ਨਿਕਲਦੀਆਂ ਹਨ। ਕੇਵਲ ਇਕ ਟਹਿਣੀ ਹੀ ਵਧਣ ਦਿੱਤੀ ਜਾਂਦੀ ਹੈ ਅਤੇ ਬਾਕੀ ਦੀਆਂ ਪਿਉਂਦੀ ਚਾਕੂ ਨਾਲ ਕੱਟ ਦਿੱਤੀਆਂ ਜਾਂਦੀਆਂ ਹਨ । ਮਈ-ਜੂਨ ਦੌਰਾਨ ਜੜ੍ਹ-ਮੁੱਢ ਪੌਦ ਤੋਂ ਪਾਸੇ ਦੀਆਂ ਫੁੱਟੀਆਂ ਟਹਿਣੀਆਂ ਲਾਹ ਦਿਓ ਤਾਂ ਜੋ ਇਕਹਿਰਾ ਤਣਾ ਰਹਿ ਜਾਵੇ । ਇਸ ਜੜ੍ਹ-ਮੁੱਢ ਨੂੰ ਜੁਲਾਈ-ਅਗਸਤ 'ਚ ਵੀ ਟੀ-ਨੁਮਾ ਪਿਉਂਦ ਕਰ ਸਕਦੇ ਹਾਂ ਕਿਉਂਕਿ ਇਹ ਬਹੁਤ ਰਸੀਲਾ ਅਤੇ ਨਰੋਆ ਬਣ ਚੁੱਕਾ ਹੁੰਦਾ ਹੈ ।

ਛੱਲਾ ਪਿਉਂਦ, ਜੂਨ-ਜੁਲਾਈ 'ਚ ਜਦ ਨਵੀਂ ਫੋਟ ਸ਼ੁਰੂ ਹੁੰਦੀ ਹੈ, ਕਰਨ ਦੀ ਤਰਜੀਹ ਦੇਣੀ ਚਾਹੀਦੀ ਹੈ ।

ਜੜ੍ਹ-ਮੁੱਢ ਅਤੇ ਅੱਖ ਟਹਿਣੀ ਦੀ ਚੋਣ : ਜੜ੍ਹ-ਮੁੱਢ ਪੌਦ ਸਿਹਤਮੰਦ ਅਤੇ ਨਰੋਈ ਹੋਣੀ ਚਾਹੀਦੀ ਹੈ ਕਿਉਂਕਿ ਇਸ ਨੂੰ ਇਕਹਿਰੇ ਤਣੇ ਵਜੋਂ ਵਧਣ ਦਿੱਤਾ ਜਾਂਦਾ ਹੈ । ਪਿਉਂਦ ਉਦੋਂ ਕਰਨੀ ਚਾਹੀਦੀ ਹੈ ਜਦ ਜੜ੍ਹ-ਤਣਾ ਪੈਂਸਿਲ ਜਿੰਨੀ ਮੋਟਾਈ ਅਖ਼ਤਿਆਰ ਕਰ ਲੈਂਦਾ ਹੈ ਅਤੇ ਜੜ੍ਹ-ਮੁੱਢ 'ਚ ਵਧੇਰੇ ਰਸਾ ਚਲ ਰਿਹਾ ਹੋਵੇ ।

ਇਹ ਜ਼ਰੂਰੀ ਹੈ ਕਿ ਅੱਖ ਟਹਿਣੀਆਂ ਉਨ੍ਹਾਂ ਚੋਣਵੇਂ ਬੂਟਿਆਂ ਤੋਂ ਲਈਆਂ ਜਾਣ ਜਿਹੜੇ ਚੰਗੇ ਗੁਣਾਂ ਵਾਲੀ ਭਰਵੀਂ ਫ਼ਸਲ ਦਿੰਦੇ ਹੋਣ । ਮਾਂ-ਬੂਟੇ ਜਿੰਨ੍ਹਾਂ ਤੋਂ ਪਿਉਂਦ ਲਈ ਅੱਖ ਟਹਿਣੀਆਂ ਲਈਆਂ ਜਾਂਦੀਆਂ ਹਨ, ਸਿਹਤਮੰਦ, ਨਰੋਏ, ਕੀੜੇ-ਮਕੌੜੇ ਅਤੇ ਬੀਮਾਰੀਆਂ ਤੋਂ ਰਹਿਤ ਅਤੇ ਅਸਲੀ ਨਸਲ ਦੇ ਹੋਣੇ ਚਾਹੀਦੇ ਹਨ। ਦੋ ਤੋਂ ਤਿੰਨ ਮਹੀਨੇ ਪੁਰਾਣੀਆਂ ਟਹਿਣੀਆਂ ਫੁੱਲੀਆਂ ਅੱਖਾਂ ਸਮੇਤ ਚੁਣਨੀਆਂ ਚਾਹੀਦੀਆਂ ਹਨ । ਚੋਣਵੇਂ ਮਾਂ-ਬੂਟਿਆਂ ਤੋਂ 30 ਸੈਂਟੀਮੀਟਰ ਲੰਬੀਆਂ ਪਿਉਂਦੀ ਟਹਿਣੀਆਂ ਕੱਟੀਆਂ ਜਾਂਦੀਆਂ ਹਨ । ਲੰਬੇ ਸਫ਼ਰ ਲਈ ਪਿਉਂਦੀ ਟਹਿਣੀਆਂ 20 ਸੈਂਟੀਮੀਟਰ ਲੰਬੀਆਂ ਹੋਣੀਆਂ ਚਾਹੀਦੀਆਂ ਹਨ । ਇਨ੍ਹਾਂ ਅੱਖ ਟਹਿਣੀਆਂ ਤੋਂ ਪੱਤੇ ਲਾਹ ਦਿਓ ਅਤੇ ਅੱਖਾਂ ਨਾਲ ਡੰਡੀਆਂ ਲੱਗੀਆਂ ਰਹਿਣ ਦਿਓ । ਇਨ੍ਹਾਂ ਨੂੰ ਛੋਟੇ ਬੰਡਲਾਂ 'ਚ ਬੰਨ ਦਿਓ ਅਤੇ ਗਿੱਲੇ ਕੱਪੜੇ 'ਚ ਲਪੇਟ ਦਿਓ । ਅੱਖ ਟਹਿਣੀਆਂ ਜਦ ਤੱਕ ਪਿਉਂਦ ਲਈ ਵਰਤੀਆਂ ਨਹੀਂ ਜਾਂਦੀਆਂ, ਗਿੱਲੀਆਂ ਰੱਖੋ । ਅੱਖ ਟਹਿਣੀਆਂ 2-3 ਦਿਨਾਂ ਲਈ ਚੰਗੀ ਹਾਲਤ 'ਚ ਰੱਖੀਆਂ ਜਾ ਸਕਦੀਆਂ ਹਨ ।

ਬਾਗ ਦੇ ਖੇਤੀ ਅਭਿਆਸ

ੳ) ਵਹਾਈ : ਆਮ ਤੌਰ ਤੇ ਬੇਰ ਦੇ ਬਾਗ ਚ ਵਹਾਈ ਨਹੀਂ ਕੀਤੀ ਜਾਂਦੀ। ਫਿਰ ਵੀ, ਬਾਗ ਦੀ ਜ਼ਮੀਨ ਦੀ ਵਹਾਈ, ਬਰੂ, ਕਾਹੀ, ਮੋਥਾ ਆਦਿ ਜਿਹੇ ਨਦੀਨ ਮਾਰਨ ਚ ਮਦਦ ਕਰਦੀ ਹੈ , ਜਿੰਨ੍ਹਾਂ ਦਾ ਨਸਲੀ ਵਾਧਾ ਰਾਈਜ਼ੋਮ/ ਬਲਬਾਂ ਰਾਹੀਂ ਹੋਣ ਕਰਕੇ ਉਂਝ ਮਾਰਨਾ ਮੁਸ਼ਕਲ ਹੈ । ਟਰੈਕਟਰ ਜਾ ਹਲ ਨਾਲ ਵਹਾਈ ਸਗੋਂ ਇਨ੍ਹਾਂ ਦਾ ਅੱਗੇ ਖਿੱਲਰਨ ਤੋਂ ਮਦਦ ਕਰਦੀ ਹੈ । ਜ਼ਮੀਨ ਜੋ ਇਨ੍ਹਾਂ ਹਾਨੀਕਾਰਕ ਨਦੀਨਾਂ ਤੋਂ ਪੀੜਤ ਹੈ, ਨੂੰ ਚੰਗੀ ਤਰ੍ਹਾਂ ਪੁੱਟਣਾ ਚਾਹੀਦਾ ਹੈ ਅਤੇ ਸਭ ਰਾਈਜ਼ੋਮ/ ਬਲਬ ਇਕੱਠੇ ਕਰੋ ਤੇ ਜਲਾ ਦਿਉ । ਬਾਗ ਦੀ ਵਹਾਈ ਨਦੀਨਾਂ ਦੀ ਰੋਕਥਾਮ ਤੋਂ ਇਲਾਵਾ ਜ਼ਮੀਨ ਨੂੰ ਹਵਾ ਲਵਾਉਣ, ਜ਼ਮੀਨ ਦੀ ਨਮੀ ਬਚਾਉਣ, ਹਰੀ ਖਾਦ ਨੂੰ ਦੱਬਣ ਅਤੇ ਵੱਖ-ਵੱਖ ਕੀੜੇ-ਮਕੌੜਿਆਂ ਦੀਆਂ ਸੁੰਡੀਆਂ/ਪਿਊਪੇ ਨੂੰ ਨੰਗਾ ਕਰਨ 'ਚ ਮਦਦ ਕਰਦੀ ਹੈ ਅਤੇ ਬਾਗ ਨੂੰ ਸਾਫ਼ ਦਿੱਖ ਪ੍ਰਦਾਨ ਕਰਦੀ ਹੈ । ਫਿਰ ਵੀ ਬਾਗ ਦੀ ਜ਼ਮੀਨ ਦੀ ਘੱਟ ਡੂੰਘੀ ਵਹਾਈ ਕਰਨੀ ਚਾਹੀਦੀ ਹੈ । ਇਹ ਦੇਖਿਆ ਗਿਆ ਹੈ ਕਿ ਫ਼ਲਦਾਰ ਦਰਖ਼ਤਾਂ ਦੀ ਜੜ੍ਹ ਖੇਤਰ ਦੇ ਨੇੜੇ ਡੂੰਘੀ ਵਹਾਈ ਨਾਲ ਰੇਸ਼ੇਦਾਰ ਜੜ੍ਹਾਂ ਨਸ਼ਟ ਹੋਣ ਕਰਕੇ ਵਧੇਰੇ ਨੁਕਸਾਨ ਹੁੰਦਾ ਹੈ ਜੋ ਕਿ ਜ਼ਿਆਦਾਤਰ ਉੱਪਰਲੀ ਜ਼ਮੀਨ ਵਿੱਚ ਹੁੰਦੀਆਂ ਹਨ ।

ਕਾਂਟ-ਛਾਂਟ ਤੋਂ ਤੁਰੰਤ ਬਾਅਦ ਗਰਮੀਆਂ ਦੀ ਇੱਕ ਵਹਾਈ ਨੁਕਸਾਨ ਕਰਨ ਵਾਲੇ ਕੀੜੇ-ਮਕੌੜੇ ਅਤੇ ਉੱਲੀ ਰੂਪੀ ਮਾਦਾ ਨੂੰ ਸੂਰਜੀ ਧੁੱਪ ਚ ਨੰਗਾ ਕਰਦੀ ਹੈ ਅਤੇ ਉਨ੍ਹਾਂ ਦਾ ਅਗਾਂਹ ਵਾਧਾ ਰੋਕਦਾ ਹੈ । ਗੋਹੇ ਦੀ ਰੂੜੀ ਪਾਉਣ ਵੇਲੇ ਅਤੇ ਸਤੰਬਰ-ਅਕਤੂਬਰ ਵਿੱਚ ਕੀਤੀ ਵਹਾਈ ਨਦੀਨਾਂ ਦਾ ਵਾਧਾ ਰੋਕਣ ਚ ਲਾਭਦਾਇਕ ਹੁੰਦਾ ਹੈ ।

ਅ) ਵਿਚਕਾਰਲੀਆਂ ਫ਼ਸਲਾਂ : ਬੇਰੀਆਂ ਦੇ ਬੂਟੇ ਖੇਤ ਚ ਲਗਾਉਣ ਤੋਂ ਇੱਕ ਸਾਲ ਬਾਅਦ ਹੀ ਫ਼ਲ ਦੇਣਾ ਸ਼ੁਰੂ ਕਰ ਦੇਂਦੇ ਹਨ । ਬੂਟਿਆਂ ਨੂੰ ਠੀਕ ਵਧਣ-ਫੁੱਲਣ ਲਈ ਇਹ ਜ਼ਰੂਰੀ ਹੈ ਕਿ ਘੱਟੋ-ਘੱਟ ਪਹਿਲੇ ਦੋ-ਤਿੰਨ ਸਾਲ ਫ਼ਲ ਨਾ ਲਿਆ ਜਾਵੇ। ਪਹਿਲੇ ਤਿੰਨ-ਚਾਰ ਸਾਲ ਜਵਾਨ ਬਾਗ ਵਿੱਚ ਖਾਲੀ ਥਾਂ ਤੇ ਹੋਰ ਫ਼ਸਲਾਂ ਲਗਾਈਆਂ ਜਾ ਸਕਦੀਆਂ ਹਨ । ਇਸ ਖਾਲੀ ਥਾਂ ਤੋਂ ਕੁਝ ਆਮਦਨ ਲੈਣ ਲਈ ਕੇਵਲ ਫ਼ਲਦਾਰ

ਛੋਟੇ ਕੱਦ ਦੀਆਂ ਫ਼ਸਲਾਂ ਜਿਵਂ ਕਿ ਛੋਲੇ, ਮੂੰਗੀ ਅਤੇ ਮਾਂਹ ਉਗਾਉਣੀਆਂ ਚਾਹੀਦੀਆਂ ਹਨ । ਵਿਸ਼ਾਲ ਅਤੇ ਉੱਚੇ ਕੱਦ ਵਾਲੀਆਂ ਫ਼ਸਲਾਂ ਬੇਰ ਦੇ ਬਾਗ ਵਿੱਚ ਨਹੀਂ ਉਗਾਉਣੀਆਂ ਚਾਹੀਦੀਆਂ ਕਿਉਂਕਿ ਇਹ ਜ਼ਮੀਨ ਵਿਚਲੇ ਤੱਤ ਵੱਡੀ ਮਿਕਦਾਰ ਵਿੱਚ ਖਿੱਚ ਲੈਂਦੀਆਂ ਹਨ ਅਤੇ ਬੂਟਿਆਂ ਨਾਲ ਰੌਸ਼ਨੀ ਲੈਣ ਲਈ ਵੀ ਮੁਕਾਬਲਾ ਕਰਦੀਆਂ ਹਨ ।

ਫ਼ਲਦਾਰ ਬੂਟਿਆਂ ਅਤੇ ਵਿਚਕਾਰਲੀਆਂ ਫ਼ਸਲਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਰੂੜੀ ਤੇ ਖਾਦਾਂ, ਪਾਣੀ ਅਤੇ ਪੌਦ ਸੁਰੱਖਿਆ ਢੰਗ ਵੱਖਰੇ-ਵੱਖਰੇ ਦੇਣੇ ਚਾਹੀਦੇ ਹਨ।

ੲ)ਨਦੀਨਾਂ ਦੀ ਰੋਕਥਾਮ : ਬੇਰ ਦੀ ਕਾਸ਼ਤ ਨੂੰ ਵੱਖ-ਵੱਖ ਮੁਸ਼ਕਲਾਂ ਵਿੱਚੋਂ, ਇੱਕ ਗੰਭੀਰ ਮੁਸ਼ਕਲ ਨਦੀਨਾਂ ਦਾ ਅਧਿਕ ਵਾਧਾ ਹੈ । ਪੰਜਾਬ ਦਾ ਮੱਧ-ਗਰਮ ਖ਼ੁਸ਼ਕ ਪੌਣ ਪਾਣੀ ਬਾਗਾਂ ਚ ਨਦੀਨਾਂ ਦੇ ਤੇਜ਼ੀ ਨਾਲ ਵਿਸਥਾਰ ਲਈ ਬਹੁਤ ਮਾਫ਼ਕ ਹੈ । ਨਦੀਨਾ ਦੀ ਰੋਕਥਾਮ ਦਾ ਰਵਾਇਤੀ ਤਰੀਕਾ ਜਿਵੇਂ ਕਿ ਦਸਤੀ ਗੋਡੀ ਬਹੁਤ ਮਹਿੰਗਾ ਅਤੇ ਸਮਾਂ ਨਸ਼ਟ ਕਰਨ ਵਾਲਾ ਹੈ । ਜਦਕਿ ਮਸ਼ੀਨੀ ਵਹਾਈ ਬਾਗਾਂ ਚ ਬਹੁਤੀ ਆਸਾਨ ਨਹੀਂ ਹੈ । ਇਸ ਕਰਕੇ ਨਦੀਨ ਨਾਸ਼ਕ ਦਵਾਈਆਂ ਹੀ ਬੇਰ ਦੇ ਬਾਗਾਂ ਚ ਨਦੀਨਾਂ ਦੀ ਰੋਕਥਾਮ ਲਈ ਕੇਵਲ ਪ੍ਰਭਾਵਸ਼ਾਲੀ, ਆਸਾਨ ਅਤੇ ਵਧੇਰੇ ਲਾਭਦਾਇਕ ਤਰੀਕਾ ਨਜ਼ਰ ਆਉਂਦਾ ਹੈ ।

ਅਗਸਤ ਦੇ ਪਹਿਲੇ ਪੰਦਰਵਾੜੇ ਦੌਰਾਨ ਜਦੋਂ ਖੇਤ ਨਦੀਨ ਰਹਿਤ ਹੁੰਦਾ ਹੈ, ਨਦੀਨ ਉੱਗਣ ਤੋਂ ਪਹਿਲਾ, ਹੈਕਸੂਰੋਨ 80 ਗੁਲਣਸ਼ੀਲ (ਡਾਈਯੂਰਾਨ) 1.2 ਕਿਲੋ ਪ੍ਰਤੀ ਏਕੜ ਜਾ ਗਲਾਈਸਲ 41 ਐਸ ਐਲ (ਗਲਾਈਫੋਸੇਟ) 1.2 ਲਿਟਰ ਪ੍ਰਤੀ ਏਕੜ ਜਾ ਗਰਾਮੋਕਸੋਨ 24 ਡਬਲਯੂ ਐਸ ਸੀ (ਪੈਰਾਕੁਇਟ) 1.2 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਦੀਨ ਉੱਗਣ ਤੋਂ ਪਿੱਛੋਂ ਜਦੋਂ ਨਦੀਨ ਵਧ ਰਹੇ ਹੋਣ ਪਰ ਫੁੱਲ ਨਾ ਪਏ ਹੋਣ ਅਤੇ 15 ਤੋਂ 20 ਸੈਂਟੀਮੀਟਰ ਉੱਚੇ ਹੋ ਜਾਣ, ਛਿੜਕਣ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਦਵਾਈ ਨੂੰ 200 ਲਿਟਰ ਪਾਣੀ ਵਿੱਚ ਘੋਲੋ ਜੋ ਇੱਕ ਏਕੜ ਛਿੜਕਾਅ ਲਈ ਕਾਫ਼ੀ ਹੈ । ਗਲਾਈਸਲ ਜਾ ਗਰਾਮੈਕਸੋਨ ਦਾ ਛਿੜਕਾਅ ਸ਼ਾਂਤ ਦਿਨ (ਜਦੋਂ ਹਵਾ ਨਾ ਚੱਲਦੀ ਹੋਵੇ) ਕਰੋ ਤਾਂ ਕਿ ਦਵਾਈ ਦੇ ਕਣ ਫ਼ਲਦਾਰ ਬੂਟਿਆਂ ਉੱਤੇ ਨਾ ਪੈਣ ।

ਸ) ਰੂੜੀ ਅਤੇ ਖਾਦਾਂ : ਬੇਰ ਦੇ ਦਰਖ਼ਤ ਤੋਂ ਹਰ ਸਾਲ ਵਧੀਆ ਫ਼ਸਲ ਲੈਣ ਲਈ ਸਹੀ ਖ਼ੁਰਾਕ ਦੇਣਾ ਜ਼ਰੂਰੀ ਹੈ । ਇਸ ਦਾ ਬੂਟਾ ਤਾਜ਼ੀ ਲੱਕੜ ਤੇ ਫ਼ਲਦਾ ਹੈ ਜੋ ਕਿ ਜੂਨ ਤੋਂ ਸਤੰਬਰ ਦੌਰਾਨ ਫੁੱਲਦੀ ਹੈ ਅਤੇ ਇਸ ਤਰ੍ਹਾਂ ਜੁਲਾਈ ਚ ਪਾਈ ਰੂੜੀ

ਬੂਟੇ ਨੂੰ ਵਧੇਰੇ ਵਾਧਾ ਲਿਆਉਣ ਚ ਮਦਦ ਕਰਦੀ ਹੈ । ਫ਼ਲ ਆਕਾਰ ਚ ਵੱਡਾ ਅਤੇ ਦਿਲਖਿੱਚਵਾਂ ਬਣਦਾ ਹੈ ਅਤੇ ਮੰਡੀ ਚ ਵਧੀਆ ਮੁੱਲ ਮਿਲਦਾ ਹੈ । ਰੂੜੀ ਅਤੇ ਖਾਦਾਂ ਦਾ ਸਿਫ਼ਾਰਸ਼ ਖਾਕਾ ਹੇਠ ਅਨੁਸਾਰ ਹੈ :

ਉਮਰ (ਸਾਲ)	ਗੋਹੇ ਦੀ ਰੂੜੀ (ਕਿਲੋ ਪ੍ਰਤੀ ਏਕੜ)	ਯੂਰੀਆ 46% ਨਾਈਟ੍ਰੋਜਨ (ਗ੍ਰਾਮ ਪ੍ਰਤੀ ਬੂਟਾ)
1	20	200
2	40	400
3	60	600
4	80	800
5 ਜਾਂ ਵੱਧ	100	1000

ਸਾਰੀ ਗੋਹੇ ਦੀ ਰੂੜੀ ਮਈ-ਜੂਨ ਚ ਪਾਉਣੀ ਚਾਹੀਦੀ ਹੈ । ਅੱਧਾ ਯੂਰੀਆ ਬਰਸਾਤਾਂ ਦੇ ਮੌਸਮ ਚ (ਜੁਲਾਈ-ਅਗਸਤ) ਅਤੇ ਅੱਧਾ ਫੁੱਲ ਪੈਣ ਤੋਂ ਤੁਰੰਤ ਬਾਅਦ (ਅਕਤੂਬਰ-ਨਵੰਬਰ) ਚ ਪਾਉਣਾ ਚਾਹੀਦਾ ਹੈ ।

ਪੱਤਿਆਂ ਦੇ ਨਮੂਨੇ ਲੈਣ ਦਾ ਤਰੀਕਾ : ਬੇਰ ਚ ਤੱਤਾਂ ਦੀ ਘਾਟ ਜਾਂਚਣ ਜਾਂ ਪੁਸ਼ਟੀ ਕਰਨ ਲਈ ਅਤੇ ਬੇਰ ਦੇ ਪੱਤਿਆਂ ਚ ਤੱਤਾਂ ਦੇ ਮਾਪ ਨੂੰ ਨਿਸ਼ਚਿਤ ਕਰਨ ਲਈ ਪੱਤਿਆਂ ਦੇ ਨਮੂਨੇ ਲੈਣ ਦਾ ਢੰਗ ਜ਼ਰੂਰ ਅਪਨਾਉਣਾ ਚਾਹੀਦਾ ਹੈ । 5-7 ਮਹੀਨਿਆਂ ਦੇ 70 ਪੱਤੇ ਉਸੇ ਸਾਲ ਦੀਆਂ ਟਹਿਣੀਆਂ (ਫੋਟ) ਦੇ ਵਿਚਕਾਰੋਂ ਨਵੰਬਰ-ਜਨਵਰੀ ਵਿੱਚ ਲਵੋ । 4-8 ਪੱਤੇ ਬੂਟੇ ਦੇ ਚਾਰੇ ਪਾਸਿਉਂ ਇੱਕ ਤੋਂ ਦੋ ਮੀਟਰ ਦੀ ਉਚਾਈ ਤੱਕ ਲਉ । ਤੱਤਾਂ ਦੇ ਮਾਪ ਨੂੰ ਜਾਂਚਣ ਲਈ ਬਾਗ ਦੇ ਚੁਣੇ ਹੋਏ ਬਲਾਕ ਵਿੱਚੋਂ 10-20% ਬੂਟਿਆਂ ਤੋਂ ਪੱਤਿਆਂ ਦੇ ਨਮੂਨੇ ਲਉ । ਪੱਤਿਆਂ ਦੇ ਨਮੂਨੇ ਮੋਮੀ ਲਿਫ਼ਾਫ਼ੇ ਚ ਇਕੱਠੇ ਕਰੋ, ਲਿਫ਼ਾਫ਼ੇ ਨੂੰ ਬਰਫ਼ ਦੇ ਬਕਸੇ 'ਚ ਰੱਖੋ ਅਤੇ ਛੇਤੀ ਨਾਲ ਪੱਤਾ ਪਰਖ਼ ਪ੍ਰਯੋਗਸ਼ਾਲਾ ਚ ਪਹੁੰਚਾਉ ।

ਹ) **ਸਿੰਚਾਈ** : ਬੇਰ ਦੇ ਛੋਟੇ ਬੂਟਿਆਂ ਨੂੰ (ਪਹਿਲੇ ਦੋ ਸਾਲ) ਮੁੱਢਲੀ ਸਥਾਪਨਾ ਲਈ ਅਤੇ ਵਧੀਆ ਉਤਪਾਦਨ ਲਈ ਮੌਸਮ ਮੁਤਾਬਿਕ 75-100 ਮਿਲੀਮਿਟਰ ਕੁਮੂਲੇਟਿਵ ਪੈਨ ਇਵੈਪੋਰੇਸ਼ਨ ਤੇ ਕੀਤੀ ਸਿੰਚਾਈ ਅਨੁਸਾਰ ਸਾਲ ਚ 8-11 ਵਾਰ ਪਾਣੀ ਦੇਣਾ ਕਾਫ਼ੀ ਹੈ ।


ਫ਼ਲਾਂ ਦੇ ਵਾਧੇ ਵੇਲੇ ਅਕਤੂਬਰ ਤੋਂ ਫ਼ਰਵਰੀ ਤੱਕ ਬੂਟਿਆਂ ਨੂੰ ਪਾਣੀ ਦੇਣਾ ਜ਼ਰੂਰੀ ਹੈ ਅਤੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਇਹ ਸਿੰਚਾਈ 3 ਜਾਂ 4

ਹਫ਼ਤਿਆਂ ਦੇ ਵਕਫ਼ੇ ਤੇ ਕਰਦੇ ਰਹਿਣਾ ਚਾਹੀਦਾ ਹੈ । ਜੇਕਰ ਇਸ ਸਮੇਂ ਦੌਰਾਨ ਸਿੰਚਾਈ ਨਹੀਂ ਕੀਤੀ ਜਾਂਦੀ ਤਾਂ ਬੂਟੇ ਫਿਰ ਵੀ ਫ਼ਲਦੇ ਰਹਿਣਗੇ ਪ੍ਰੰਤੂ ਫ਼ਲਾਂ ਦੇ ਵਧੇਰੇ ਕੇਰੇ ਕਰਕੇ ਅਤੇ ਬਾਕੀ ਬਚੇ ਫ਼ਲਾਂ ਦੇ ਛੋਟੇ ਆਕਾਰ ਕਰਕੇ ਝਾੜ ਬਹੁਤ ਘਟ ਜਾਂਦਾ ਹੈ । ਫ਼ਲਾਂ ਦੀ ਗੁਣਵਤਾ ਵੀ ਬਹੁਤ ਮਾੜੀ ਹੁੰਦੀ ਹੈ । ਇਹ ਦੇਖਿਆ ਗਿਆ ਹੈ ਕਿ ਫ਼ਲਾਂ ਦੇ ਵਾਧੇ ਸਮੇਂ ਸਿੰਚਾਈ ਕਰਨ ਨਾਲ ਫ਼ਲ ਆਕਾਰ ਚ ਵੱਡੇ, ਗੁਣਾਂ ਚ ਸੁਧਾਰ ਅਤੇ ਫ਼ਲਾਂ ਦਾ ਕਿਰਨਾ ਘਟ ਜਾਂਦਾ ਹੈ । ਮਾਰਚ ਦੇ ਦੂਜੇ ਪੰਦਰਵਾੜੇ ਪਾਣੀ ਬੰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਜ਼ਮੀਨ ਤੇ ਵਿਛੀਆਂ ਟਹਿਣੀਆਂ ਦਾ ਫ਼ਲ ਖ਼ਰਾਬ ਹੋ ਜਾਂਦਾ ਹੈ ਅਤੇ ਫ਼ਲਾਂ ਦੀ ਪਕਾਈ ਚ ਦੇਰੀ ਹੋ ਜਾਂਦੀ ਹੈ । ਫ਼ਲਾਂ ਦੀ ਤੁੜਾਈ ਅਪ੍ਰੈਲ ਚ ਮੁੱਕ ਜਾਂਦੀ ਹੈ ਅਤੇ ਬੂਟੇ ਮਈ-ਜੂਨ ਵਿੱਚ ਪੱਤੇ ਸੁੱਟ ਦਿੰਦੇ ਹਨ ਅਤੇ ਸੁੱਤ-ਨਿੰਦਰੀ ਅਵਸਥਾ ਚ ਪਹੁੰਚ ਜਾਂਦੇ ਹਨ । ਇਸ ਸਮੇਂ ਦੌਰਾਨ ਪਾਣੀ ਦੇਣ ਦੀ ਲੋੜ ਨਹੀਂ ਹੁੰਦੀ। ਜੇਕਰ ਸੁੱਤ-ਉਨੀਂਦਰੀ ਅਵਸਥਾ ਚ ਪਾਣੀ ਦਿੱਤਾ ਜਾਂਦਾ ਹੈ ਤਾਂ ਬੂਟੇ ਬੇ-ਤੁਕਾ ਵਾਧਾ ਜਾਰੀ ਰੱਖਦੇ ਹਨ ਜੋ ਨਹੀਂ ਚਾਹੀਦਾ । ਉੱਤਰੀ ਭਾਰਤ ਚ ਜੁਲਾਈ-ਅਗਸਤ ਦੁਰਾਨ ਕਾਫ਼ੀ ਵਰਖ਼ਾ ਹੋ ਜਾਂਦੀ ਹੈ ਜਦੋਂ ਬੂਟੇ ਵਧੇਰੇ ਵਧਦੇ ਹਨ । ਸਤੰਬਰ ਦੇ ਦੂਜੇ ਅੱਧ ਅਤੇ ਅਕਤੂਬਰ ਚ ਬੂਟਿਆਂ ਨੂੰ ਫੁੱਲ ਆਉਂਦੇ ਹਨ । ਇਸ ਸਮੇਂ ਹਲਕੀ ਸਿੰਚਾਈ ਕਰਨੀ ਚਾਹੀਦੀ ਹੈ । ਇਸ ਸਮੇਂ ਭਰਵੀਂ ਸਿੰਚਾਈ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਫੁੱਲਾਂ ਦਾ ਕੇਰਾ ਵਧੇਰੇ ਕਰਦੀ ਹੈ ।

ਸੋਧਾਈ ਅਤੇ ਕਾਟ-ਛਾਂਟ

ਸੋਧਾਈ : ਬੇਰ ਦੇ ਬੂਟੇ ਬਾਗ ਚ ਲਗਾਉਣ ਉਪਰੰਤ 2-3 ਸਾਲਾਂ ਵਿੱਚ ਹੀ ਫ਼ਲ ਦੇਣ ਲੱਗ ਪੈਂਦੇ ਹਨ । ਇਸ ਕਰਕੇ ਬੇਰ ਦੇ ਬੂਟਿਆਂ ਦੀ ਪਹਿਲੇ 2-3 ਸਾਲਾਂ ਚ ਠੀਕ ਤਰ੍ਹਾਂ ਸੋਧਾਈ ਕਰਨੀ ਚਾਹੀਦੀ ਹੈ ਤਾਂ ਜੋ ਇਸ ਦਾ ਮਜ਼ਬੂਤ ਢਾਂਚਾ ਬਣ ਸਕੇ । ਨਵੇਂ ਲਗਾਏ ਬੂਟਿਆਂ ਨੂੰ ਬਾਂਸ ਦੇ ਡੰਡੇ ਨਾਲ ਸਹਾਰਾ ਦੇਣਾ ਚਾਹੀਦਾ ਹੈ ਤਾਂ ਕਿ ਪਿਉਂਦੀ ਜੋੜ ਟੁੱਟਣ ਤੋਂ ਬਚ ਸਕੇ ਅਤੇ ਮੁੱਖ ਤਣੇ ਨੂੰ ਸਹਾਰਾ ਮਿਲ ਸਕੇ । ਵਪਾਰਕ ਕਿਸਮਾਂ ਦਾ ਆਕਾਰ ਖਿੱਲਰਵਾਂ ਹੈ, ਇਸ ਕਰਕੇ ਪਹਿਲੇ ਦੋ ਸਾਲ ਬੂਟੇ ਦੀ ਠੀਕ ਸੋਧਾਈ ਲਈ ਸਹਾਰਾ ਦੇਣਾ ਅਤੀ ਜ਼ਰੂਰੀ ਹੈ । ਬੂਟਿਆਂ ਦੀ ਸੁਧਰੇ ਲੀਡਰ ਢੰਗ ਅਨੁਸਾਰ ਸਧਾਈ ਕੀਤੀ ਜਾਂਦੀ ਹੈ । ਮੁੱਖ ਤਣੇ ਤੇ ਜ਼ਮੀਨ ਦੇ ਧਰਾਤਲ ਤੋਂ 75 ਸੈਂਟੀਮੀਟਰ ਤੱਕ ਸਭ ਪਾਸੇ ਦੀਆਂ ਟਹਿਣੀਆਂ ਕੱਟ ਦੇਣੀਆਂ ਚਾਹੀਦੀਆਂ ਹਨ । ਬੂਟੇ ਦਾ ਢੁਕਵਾਂ ਢਾਂਚਾ ਬਨਾਉਣ ਲਈ ਮੁੱਖ ਤਣੇ ਦੇ ਆਲੇ-ਦੁਆਲੇ ਢੁਕਵੇਂ ਫਾਸਲੇ ਤੇ 4-5 ਚੋਣਵੀਆਂ ਟਹਿਣੀਆਂ ਚੁਣ ਲੈਣੀਆਂ ਚਾਹੀਦੀਆਂ ਹਨ । ਸਾਲ ਦੇ ਅਖ਼ੀਰ ਤੇ ਮੁੱਖ ਤਣੇ ਨੂੰ ਪਾਸੇ ਦੀ ਨਿਕਲੀ ਟਹਿਣੀ ਦੇ ਲਾਗਿਉਂ ਕੱਟ ਦਿੱਤਾ ਜਾਂਦਾ ਹੈ ।

ਕਾਂਟ-ਛਾਂਟ : ਬੇਰ ਦੇ ਬੂਟਿਆਂ ਦੀ ਸਿਹਤ ਅਤੇ ਉਤਪਾਦਿਕਤਾ ਨੂੰ ਸਥਿਰ ਰੱਖਣ ਲਈ ਅਤੇ ਫ਼ਲ ਆਕਾਰ ਤੇ ਗੁਣਵੱਤਾ ਚ ਸੁਧਾਰ ਲਈ ਕਾਂਟ-ਛਾਂਟ ਜ਼ਰੂਰੀ



ਫ਼ੋਟੋ 8 : ਕਾਂਟ-ਛਾਂਟ ਤੋਂ ਪਹਿਲੇ ਬੂਟਾ




ਫ਼ੋਟੋ 9 : ਕਾਂਟ-ਛਾਂਟ ਕੀਤਾ ਹੋਇਆ ਬੂਟਾ

ਹੈ । ਕਾਂਟ-ਛਾਂਟ ਬੂਟਿਆਂ ਨੂੰ ਧੂੜੇਦਾਰ ਉੱਲੀ ਦੇ ਰੋਗ ਤੋਂ ਅਤੇ ਤੇਜ਼ ਹਵਾਵਾਂ ਦੇ ਉਲਟੇ ਅਸਰ ਤੋਂ ਬਚਾਉਂਦੀ ਹੈ । ਜੇਕਰ ਬੇਰੀਆਂ ਦੀ ਢੁਕਵੀਂ ਕਾਂਟ-ਛਾਂਟ ਕਰਦੇ ਰਹੀਏ ਤਾਂ ਬੇਰ ਦਾ ਬੂਟਾ 30 ਸਾਲਾਂ ਤੱਕ ਜਵਾਨ ਰਹਿੰਦਾ ਹੈ (ਫ਼ੋਟੋ 8 ਅਤੇ 9)। ਬੇਰ ਦਾ ਫ਼ਲ ਚਾਲੂ ਮੌਸਮ ਦੌਰਾਨ ਫੁੱਟੀਆਂ ਨਵੀਆਂ ਟਹਿਣੀਆਂ ਦੇ ਪੱਤਿਆਂ ਦੇ ਧੁਰੇ ਵਿੱਚ ਲੱਗਦੇ ਹਨ। ਇਸ ਲਈ ਚੰਗਾ ਸਿਹਤਮੰਦ ਵਾਧਾ ਕਰਨ ਲਈ ਅਤੇ ਫ਼ਲ ਆਕਾਰ ਅਤੇ ਗੁਣਾਂ ਚ ਸੁਧਾਰ ਲਈ ਵਾਰਸ਼ਿਕ ਕਾਂਟ-ਛਾਂਟ ਜ਼ਰੂਰੀ ਹੈ । ਬਿਨਾਂ ਕਾਟ-ਛਾਂਟ ਕੀਤੇ ਬੂਟੇ ਦੀ ਛਤਰੀ ਗੈਰ-ਜ਼ਰੂਰੀ ਵੱਧ ਜਾਂਦੀ ਹੈ, ਇਸ ਨਾਲ ਫੁਟਾਰੇ ਦਾ ਵਾਧਾ ਕਮਜ਼ੋਰ ਪੈ ਜਾਂਦਾ ਹੈ ਅਤੇ ਦੋਵੇਂ ਫ਼ਲ ਆਕਾਰ ਅਤੇ ਗੁਣ ਘਟ ਜਾਂਦੇ ਹਨ। ਆਖ਼ਰਕਾਰ ਅਜਿਹੇ ਬੂਟੇ ਬਾਗ ਵਿੱਚ ਵਧੇਰੇ ਜਗ੍ਹਾ ਘੇਰਨ ਦੇ ਨਾਲ-ਨਾਲ ਆਮਦਨ ਪੱਖੋਂ ਵੀ ਬਹੁਤ ਘਟ ਜਾਂਦੇ ਹਨ । ਛਤਰੀ ਦੇ ਜ਼ਿਆਦਾ ਖਿਲਾਰ ਤੋਂ ਬਚਣ ਲਈ, ਯੋਗ ਧੁੱਪ ਅਤੇ ਹਵਾ ਲਗਾਉਣ ਲਈ ਟਹਿਣੀਆਂ ਨੂੰ ਥੋੜ੍ਹਾ ਵਿਰਲਾ ਕਰਨਾ ਵੀ ਬਹੁਤ ਜ਼ਰੂਰੀ ਹੈ । ਬੇਰ ਦੀ ਕਾਟ-ਛਾਂਟ ਤੇ ਕੀਤੇ ਤਜ਼ਰਬਿਆਂ ਮੁਤਾਬਿਕ ਬੂਟਿਆਂ ਦੀ ਹਲਕੀ ਕਾਂਟ-ਛਾਂਟ ਯਾਨੀ ਕਿ ਨਵੀਆਂ ਕਰੂੰਬਲਾਂ ਅਤੇ ਟਹਿਣੀਆਂ ਦਾ 25% ਸਿਰ ਕਲਮ ਕਰਨਾ ਜ਼ਰੂਰੀ ਹੈ ਤਾਂ ਜੋ ਜ਼ਿਆਦਾ ਝਾੜ, ਚੰਗਾ ਫ਼ਲ ਆਕਾਰ ਅਤੇ ਚੰਗੇ ਗੁਣ ਪ੍ਰਾਪਤ ਕੀਤੇ ਜਾ ਸਕਣ । ਹੇਠਲੀਆਂ ਟਹਿਣੀਆਂ ਨੂੰ ਜ਼ਮੀਨ ਤੇ ਵਿਛਣ ਤੋਂ ਰੋਕਣ ਲਈ ਵੀ ਢੁੱਕਵੀਂ ਕਾਂਟ-ਛਾਂਟ ਕਰਨੀ ਚਾਹੀਦੀ ਹੈ । ਸਨੌਰ-2 ਕਿਸਮ ਦੀ ਕਾਂਟ-ਛਾਂਟ ਅਪਰੈਲ ਦੇ ਤੀਜੇ ਹਫ਼ਤੇ ਜਦੋਂ ਬੂਟੇ ਸੁੱਤ-ਉਨੀਂਦਰੀ ਹਾਲਤ 'ਚ ਹੋਣ, ਕਾਂਟ-ਛਾਂਟ ਕਰਨੀ ਚਾਹੀਦੀ ਹੈ । ਪਿਛਲੇ ਸਾਲ ਦੇ ਵਾਧੇ ਦੀ ਕਾਂਟ-ਛਾਂਟ 8

ਅੱਖਾਂ ਰੱਖ ਕੇ ਸਿਰ ਕਲਮ ਕਰਨ ਨਾਲ ਚੰਗੇ ਗੁਣਾਂ ਵਾਲੇ ਫ਼ਲਾਂ ਦਾ ਵਧੇਰੇ ਝਾੜ ਪ੍ਰਾਪਤ ਹੁੰਦਾ ਹੈ । ਦੇਖਿਆ ਗਿਆ ਹੈ ਕਿ ਲੇਟ ਫੁੱਲ ਆਉਣ ਵਾਲੀਆਂ ਟਹਿਣੀਆਂ (21 ਅਕਤੂਬਰ ਤੋਂ 5 ਨਵੰਬਰ) ਦੀ ਚੋਣਵੀਂ ਕਾਂਟ-ਛਾਂਟ ਕਰਨ ਨਾਲ ਉਮਰਾਨ ਕਿਸਮ ਦੇ ਬੇਰਾਂ ਦਾ ਆਕਾਰ, ਭਾਰ ਅਤੇ ਗੁਣਵੱਤਾ ਚ ਹਲਕਾ ਸੁਧਾਰ ਆਉਂਦਾ ਹੈ।

ਸਿਰ ਬਦਲੀ ਕਰਨਾ : ਬੇਰਾਂ ਦੇ ਘਟੀਆ ਬੂਟੇ ਜੋ ਅਣਗੌਲੀਆਂ ਜ਼ਮੀਨਾਂ ਜਾਂ ਖੇਤਾਂ ਦੇ ਕੰਢਿਆਂ ਤੇ ਉੱਗੇ ਹੋਏ ਹਨ, ਛੋਟੇ ਆਕਾਰ ਦੇ ਘਟੀਆਂ ਫ਼ਲ ਪੈਦਾ ਕਰਦੇ ਹਨ ਅਤੇ ਕੋਈ ਵੀ ਆਮਦਨ ਨਹੀਂ ਦੇਂਦੇ । ਅਜਿਹੇ ਬੇਫ਼ਾਇਦਾ ਅਤੇ ਘਟੀਆ ਬੂਟਿਆਂ ਤੋਂ ਚੰਗੀ ਆਮਦਨ ਲਈ ਜਾ ਸਕਦੀ ਹੈ ਜੇਕਰ ਸਿਰ ਬਦਲੀ ਕਰਕੇ ਸੁਧਰੀਆਂ ਕਿਸਮਾਂ ਨਾਲ ਪਿਉਂਦ ਕੀਤਾ ਜਾਵੇ । ਜੰਗਲੀ ਬੇਰ ਦੇ ਬੂਟਿਆਂ ਦੀ ਸਿਰ ਕਲਮੀ ਕਰਨਾ ਬਹੁਤ ਆਸਾਨ ਹੈ ਅਤੇ ਇਹ ਬਾਗਬਾਨ ਖ਼ੁਦ ਕਰ ਸਕਦੇ ਹਨ । ਜੰਗਲੀ ਬੇਰ ਦੇ ਬੂਟਿਆਂ ਨੂੰ ਜਦ ਸੁੱਤ-ਉਨੀਂਦਰੀ ਅਵਸਥਾ ਚ ਹੋਣ, ਅਪ੍ਰੈਲ-ਮਈ ਦੌਰਾਨ ਸਿਰ ਕਲਮੀ ਕੀਤਾ ਜਾਂਦਾ ਹੈ (ਇੱਕ ਮੀਟਰ ਦੀ ਉਚਾਈ) । ਮੋਟੀਆਂ ਟਹਿਣੀਆਂ ਦੇ ਕੱਟੇ ਹੋਏ ਭਾਗਾਂ ਤੋਂ ਹੇਠਾਂ ਜੂਨ-ਜੁਲਾਈ ਚ ਨਵੀਆਂ ਟਹਿਣੀਆਂ ਨਿਕਲ ਆਉਂਦੀਆਂ ਹਨ। ਇਨ੍ਹਾਂ ਚੋਂ ਦੋ ਤਾਕਤਵਰ ਟਹਿਣੀਆਂ ਰੱਖ ਕੇ ਬਾਕੀ ਕੱਟ ਦੇਣੀਆਂ ਚਾਹੀਦੀਆਂ ਹਨ । ਚੁਣੀਆਂ ਹੋਈਆਂ 2-3 ਸੈਂਟੀਮੀਟਰ ਆਕਾਰ ਦੀਆਂ ਟਹਿਣੀਆਂ ਨੂੰ ਜੁਲਾਈ-ਅਗਸਤ ਚ ਚੋਣਵੀਆਂ ਕਿਸਮਾਂ ਤੋਂ ਅੱਖਾਂ ਲੈ ਕੇ 'ਟੀ-ਨੁਮਾ' ਪਿਉਂਦ ਕਰਨੀ ਚਾਹੀਦੀ ਹੈ । ਅੱਖ ਫੁੱਟਣ ਤੋਂ ਤੁਰੰਤ ਬਾਅਦ, ਟਹਿਣੀ ਨੂੰ ਪਿਉਂਦੀ ਜੋੜ ਤੋਂ ਉਪਰੋਂ ਕੱਟ ਦਿੱਤਾ ਜਾਂਦਾ ਹੈ । ਕਾਮਯਾਬ ਸਿਰ ਕਲਮੀ ਕੀਤੇ ਦਰਖ਼ਤ ਸਾਲ ਦੇ ਅੰਦਰ ਹੀ ਕਾਫ਼ੀ ਵਾਧਾ ਕਰ ਲੈਂਦੇ ਹਨ ਅਤੇ ਕੁਝ ਫ਼ਲਾਂ ਦੀ ਥੋੜ੍ਹੀ ਫ਼ਸਲ ਵੀ ਦੇ ਦੇਂਦੇ ਹਨ । ਅਗਲੇ ਸਾਲਾਂ ਚ ਇਹ ਆਮ ਫ਼ਸਲ ਦੇਣ ਲੱਗ ਜਾਂਦੇ ਹਨ ।

ਖ) ਬੇਰ ਦੇ ਪੁਰਾਣੇ ਬੂਟਿਆਂ ਨੂੰ ਨਵਿਆਉਣਾ : ਜੇਕਰ ਬੇਰੀਆਂ ਦੀ ਕਾਂਟ-ਛਾਂਟ ਹਰ ਸਾਲ ਨਾ ਕੀਤੀ ਜਾਵੇ ਤਾਂ ਕੁਝ ਚਿਰ ਆਮ ਫ਼ਲ ਦੇਣ ਪਿੱਛੋਂ ਇਨ੍ਹਾਂ ਨੂੰ ਫ਼ਲ ਲੱਗਣਾ ਘਟ ਜਾਂਦਾ ਹੈ । ਕਾਂਟ-ਛਾਂਟ ਤੋਂ ਬਿਨਾਂ ਬੇਰੀਆਂ ਉੱਤੇ ਪੁਰਾਣੀ ਲੱਕੜ ਇਕੱਠੀ ਹੁੰਦੀ ਰਹਿੰਦੀ ਹੈ । ਅਜਿਹੇ ਦਰਖ਼ਤਾਂ ਦਾ ਉਤਪਾਦਨ ਘਟ ਜਾਂਦਾ ਹੈ, ਵਾਧਾ ਕਮਜ਼ੋਰ ਹੋ ਜਾਂਦਾ ਹੈ ਤੇ ਇਨ੍ਹਾਂ ਬੂਟਿਆਂ ਤੇ ਧੂੜੇਦਾਰ ਉੱਲੀ ਦਾ ਰੋਗ ਅਤੇ ਕੀੜੇ-ਮਕੌੜੇ ਜਿਵੇਂ ਕਿ ਫ਼ਲ-ਮੱਖੀ, ਲਾਖ ਦਾ ਕੀੜਾ ਅਤੇ ਸਿਉਂਕ ਦਾ ਹਮਲਾ ਹੋ ਜਾਂਦਾ ਹੈ । ਫ਼ਲ ਦਾ ਆਕਾਰ ਘਟ ਜਾਂਦਾ ਹੈ ਅਤੇ ਫ਼ਲ ਬੇਢੱਬੇ, ਵਿੰਗੇ, ਸਖ਼ਤ ਅਤੇ ਅਗੇਤੇ ਡਿੱਗ ਜਾਂਦੇ ਹਨ । ਅਜਿਹੇ ਪੁਰਾਣੇ ਦਰਖ਼ਤਾਂ ਨੂੰ ਜੀਵਤ ਕੀਤਾ ਜਾ ਸਕਦਾ ਹੈ ਅਤੇ ਮਈ 'ਚ ਭਰਵੀਂ ਕਾਂਟ-ਛਾਂਟ ਕਰਕੇ ਨਵਿਆਇਆ ਜਾ ਸਕਦਾ ਹੈ । ਇਨ੍ਹਾਂ ਬੂਟਿਆਂ ਦੀ ਭਰਵੀਂ ਸਿਰ ਕਲਮੀ ਯਾਨੀ ਕਿ 50-75 ਪ੍ਰਤੀਸ਼ਤ ਟਹਿਣੇ ਕੱਟਣਾ ਅਤੇ ਰੋਗੀ, ਟੁੱਟੀਆਂ, ਫ਼ਸਣ ਵਾਲੀਆਂ ਟਹਿਣੀਆਂ, ਲਾਖ ਦੇ ਕੀੜੇ ਤੋਂ ਗ੍ਰਸਤ



ਫ਼ੋਟੋ 10 : ਮੁੜ ਸੁਰਜੀਤ ਕੀਤੀ ਬੇਰੀ

ਟਹਿਣੀਆਂ ਨੂੰ ਪੂਰੀ ਤਰ੍ਹਾਂ ਕੱਟਣਾ ਸ਼ਾਮਲ ਹੈ (ਫ਼ੋਟੋ-10) । ਕਾਂਟ-ਛਾਂਟ ਤੋਂ ਬਾਅਦ 0.2% ਕੈਪਟਾਨ ਦਵਾਈ ਦਾ ਛਿੜਕਾਅ ਕਰਨਾ ਚਾਹੀਦਾ ਹੈ । ਬਰਸਾਤ ਸ਼ੁਰੂ ਹੋਣ ਤੇ ਜੁਲਾਈ ਮਹੀਨੇ 12-15 ਸਾਲ ਪੁਰਾਣੇ ਬੂਟਿਆਂ ਨੂੰ ਨਾਈਟ੍ਰੋਜਨ ਤੱਤ ਦੀ ਖਾਦ (ਇੱਕ ਕਿਲੋ ਅਸਲ ਨਾਈਟ੍ਰੋਜਨ ਤੱਤ) ਪਾਉਣੀ ਚਾਹੀਦੀ ਹੈ । ਅਗਸਤ-ਸਤੰਬਰ ਦੌਰਾਨ ਫੁੱਲ ਨਿਕਲਣ ਤੋਂ ਪਹਿਲਾ ਬੂਟਿਆਂ ਤੇ ਦੋ ਵਾਰ 0.05 ਪ੍ਰਤੀਸ਼ਤ ਕੈਰਾਥੇਨ 40 ਈ ਸੀ ਜਾਂ ਬੈਲੇਟਾਨ 25 ਘੁਲਣਸ਼ੀਲ ਦਾ ਛਿੜਕਾਅ ਕਰੋ । ਪਹਿਲੇ ਦੋ ਸਾਲ ਫ਼ਲਾਂ ਦਾ ਝਾੜ 30-35 ਪ੍ਰਤੀਸ਼ਤ ਹੁੰਦਾ ਹੈ ਜੋ ਕਿ ਕਾਂਟ-ਛਾਂਟ ਦੀ ਤੀਖਣਤਾ ਤੇ ਨਿਰਭਰ ਹੈ, ਪ੍ਰੰਤੂ ਬੂਟੇ ਅਗਲੇ ਸਾਲਾਂ ਚ ਫਿਰ ਪੂਰਾ ਝਾੜ ਅਤੇ ਵਧੀਆ ਗੁਣਾਂ ਵਾਲੀ ਫ਼ਸਲ ਦੇਣਾ ਸ਼ੁਰੂ ਕਰ ਦੇਂਦੇ ਹਨ ।

ਬੇਰ ਦੇ ਬੂਟਿਆਂ ਨੂੰ 25 ਸਾਲਾਂ ਦੀ ਉਮਰ ਦੇ ਬਾਅਦ ਨਵਿਆਉਣ ਦੀ ਲੋੜ ਹੈ। ਇਸ ਵਾਸਤੇ ਮੁੱਖ ਟਹਿਣੀਆਂ ਨੂੰ 30 ਸੈਂਟੀਮੀਟਰ ਰੱਖ ਕੇ ਕਟਾਈ ਮਈ ਦੇ ਦੂਜੇ ਪੰਦਰਵਾੜੇ ਦੌਰਾਨ ਕਰੋ । ਮੁੱਖ ਤਣੇ ਦੀ ਔਸਤਨ ਉਚਾਈ ਜ਼ਮੀਨ ਦੇ ਧਰਾਤਲ ਤੋਂ ਇੱਕ ਮੀਟਰ ਹੋਣੀ ਚਾਹੀਦੀ ਹੈ ਅਤੇ ਹਰੇਕ ਬੂਟੇ 'ਚ 4-5 ਮੁੱਖ ਟਹਿਣੇ ਹੋਣ। ਬਰਸਾਤ ਦੌਰਾਨ ਖੂੰਘੇ ਤੋਂ ਕਈ ਟਹਿਣੀਆਂ ਫੁੱਟ ਆਉਣਗੀਆਂ । ਟਹਿਣੀਆਂ ਨੂੰ

ਪਹਿਲੀ ਵਾਰ ਬੂਟੇ ਦੀ ਸਿਹਤ ਮੁਤਾਬਿਕ 12-18 ਟਹਿਣੀਆਂ ਰੱਖ ਕੇ ਅਗਸਤ ਦੇ ਚੌਥੇ ਹਫ਼ਤੇ ਵਿਰਲਾ ਕਰਨਾ ਚਾਹੀਦਾ ਹੈ । ਟਹਿਣੀਆਂ ਨੂੰ ਦੂਜੀ ਵਾਰ 8-12 ਟਹਿਣੀਆਂ ਰੱਖ ਕੇ ਸਤੰਬਰ ਦੇ ਦੂਜੇ ਪੰਦਰਵਾੜੇ (ਫੁੱਲਾਂ ਤੋਂ ਪਹਿਲਾ) ਵਿਰਲਾ ਕਰਨਾ ਚਾਹੀਦਾ ਹੈ । ਪਹਿਲੇ ਸਾਲ ਦਰਖ਼ਤ 2-20 ਕਿਲੋ ਫ਼ਲ ਪ੍ਰਤੀ ਦਰਖ਼ਤ ਅਤੇ ਦੂਜੇ ਸਾਲ ਇੱਕ ਕੁਇੰਟਲ ਫ਼ਲ ਦੇ ਦੇਂਦੇ ਹਨ । ਇਹ ਬੂਟੇ ਤੀਜੇ ਸਾਲ ਤੇ ਵਪਾਰਕ ਪੱਧਰ ਦੀ ਵੱਧ ਝਾੜ ਦੇਣ ਵਾਲੀ ਫ਼ਸਲ ਅਤੇ ਚੰਗੇ ਗੁਣਾਂ ਵਾਲੇ ਫ਼ਲ ਦੇਣਾ ਸ਼ੁਰੂ ਕਰ ਦਿੰਦੇ ਹਨ ।

ਫ਼ਲ ਦਾ ਕੇਰਾ : ਬੇਰ ਚ ਫ਼ਲ ਦੇ ਕੇਰੇ ਦੀ ਸਮੱਸਿਆ ਫ਼ਲ ਉਤਪਾਦਕਾਂ ਲਈ ਬਹੁਤ ਚਿੰਤਾਦਾਇਕ ਹੈ । ਅਸਲ ਵਿੱਚ ਫ਼ਲ ਦਾ ਕੇਰਾ ਕੁੱਲ ਝਾੜ ਘਟਾ ਦਿੰਦਾ ਹੈ ਜੋ ਕਿ ਫ਼ਲ ਉਤਪਾਦਕਾਂ ਦਾ ਮੁਨਾਫ਼ਾ ਘਟਾਉਂਦਾ ਹੈ । ਇਹ ਵਰਨਣ ਯੋਗ ਹੈ ਕਿ ਬੇਰ ਦੀ ਸਤੰਬਰ-ਅਕਤੂਬਰ ਵਾਲੇ ਫੁੱਲਾਂ ਦੀ ਫ਼ਸਲ ਕੇਵਲ 8-9 ਪ੍ਰਤੀਸ਼ਤ ਫ਼ਲ ਹੀ ਪੈਦਾ ਕਰਦੀ ਹੈ ਜੋ ਕਿ ਪੂਰੀ ਪਕਾਈ ਤੱਕ ਪਹੁੰਚਦੇ ਹਨ । ਬੇਰ ਚ ਫ਼ਲ ਦਾ ਕੇਰਾ ਹੇਠ ਲਿਖੇ ਕਾਰਨਾਂ ਕਰਕੇ ਹੋ ਸਕਦਾ ਹੈ :

1. ਕੁਦਰਤੀ ਕੇਰਾ
2. ਮੌਸਮੀ ਕਾਰਨਾ ਕਰਕੇ ਕੇਰਾ
3. ਕੀੜੇ-ਮਕੌੜਿਆਂ ਕਾਰਨ ਕੇਰਾ
4. ਬੀਮਾਰੀਆਂ ਕਾਰਨ ਕੇਰਾ ।

1. ਕੁਦਰਤੀ ਕੇਰਾ : ਫ਼ਲ ਸੈੱਟ ਹੋਣ ਤੋਂ ਤੁਰੰਤ ਬਾਅਦ ਬਹੁਤ ਭਾਰੀ ਫ਼ਲ ਝੜਦਾ ਹੈ ਜੋ ਕਿ ਵੱਡੇ ਤੌਰ ਤੇ ਫ਼ਲਣ ਦੀ ਕਮੀ ਜਾਂ ਅੰਡ-ਕੋਸ਼ ਦੇ ਗਿਰਨ ਕਰਕੇ। ਪਹਿਲੀ ਹਾਲਤ ਦੁਰਾਨ ਕੇਰਾ ਦਸੰਬਰ ਤੋਂ ਬਾਅਦ ਫ਼ਲ ਸੁੰਗੜਨ ਕਰਕੇ ਹੁੰਦਾ ਹੈ। ਕੁੱਲ ਕਿਰੇ ਫ਼ਲਾਂ ਵਿੱਚੋਂ ਤਕਰੀਬਨ 30 ਪ੍ਰਤੀਸ਼ਤ ਭਰੂਣ ਦੇ ਗਿਰਨ ਕਰਕੇ ਹੁੰਦਾ ਹੈ। ਫ਼ਲ ਦਾ ਵਾਧਾ ਪਹਿਲੇ ਛੇ ਹਫ਼ਤੇ ਤੇ ਆਖ਼ਰੀ ਬਾਰਾਂ ਹਫ਼ਤੇ ਬਹੁਤ ਤੇਜ਼ੀ ਨਾਲ ਹੁੰਦੀ ਹੈ । ਪਹਿਲੇ ਫੇਜ਼ ਚ ਲੰਬਾਈ ਚ ਵਾਧਾ ਮੋਟਾਈ ਚ ਵਾਧੇ ਨਾਲੋਂ ਤੇਜ਼ੀ ਨਾਲ ਹੁੰਦਾ ਹੈ ਜਦ ਕਿ ਤੀਜੇ ਫੇਜ਼ ਚ ਫ਼ਲ ਲੰਬਾਈ ਨਾਲੋਂ ਮੋਟਾਈ ਜ਼ਿਆਦਾ ਵਧਦਾ ਹੈ। ਇਸ ਤਰ੍ਹਾਂ ਇਹ ਡਬਲ ਸਿਗਮਾਇਡ ਗਰੋਥ ਦਾ ਢਾਂਚਾ ਅਖਤਿਆਰ ਕਰਦਾ ਹੈ । ਪਰੋਮੋਟਰਜ਼ ਦਾ ਸੰਸਲੇਸ਼ਣ ਸੁਸਤ ਦੌਰ ਚ ਇਨਹਿਬਟਰਜ਼ ਦੇ ਬਣਨ ਨਾਲ ਘਟ ਜਾਂਦਾ ਹੈ । ਆਗਜਨ ਮਿਡਲ ਲੈਮਲਾ ਦੇ ਕੈਲਸ਼ੀਅਮ ਪੈਕਟੇਟ ਨੂੰ ਕੁਦਰਤੀ ਟੁੱਟ ਜਾਣ ਤੋਂ ਰੁਕਾਵਟ ਪਾ ਕੇ ਫ਼ਲ ਦੇ ਟੁੱਟਣ ਚ ਰੋਕ ਲਗਾਉਂਦਾ ਹੈ । ਇਹ ਘਟਨਾ ਚੱਕਰ ਫ਼ਲ ਦੇ ਸੁਸਤ ਵਾਧੇ ਦੌਰਾਨ ਵਧੇਰੇ ਕੇਰਾ ਕਰਦਾ ਹੈ ।

ਐਨ ਏ ਏ ਵੱਖ-ਵੱਖ ਗਿਟਕੀ ਫ਼ਲਾਂ ਚ ਫ਼ਲ ਦੇ ਕੇਰੇ ਨੂੰ ਰੋਕਣ ਲਈ ਅਸਰਦਾਰ ਸਾਬਤ ਹੋਇਆ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ 'ਚ ਹੋਈ ਖੋਜ ਦੱਸਦੀ ਹੈ ਕਿ 20-30 ਪੀ.ਪੀ ਐਮ ਐਨ ਏ ਏ ਦਾ ਛਿੜਕਾਅ ਅਕਤੂਬਰ ਦੇ ਦੂਜੇ

ਪੰਦਰਵਾੜੇ ਅਤੇ ਫਿਰ ਨਵੰਬਰ ਦੇ ਦੂਜੇ ਪੰਦਰਵਾੜੇ ਚ ਬੇਰਾਂ ਚ 10 ਪ੍ਰਤੀਸ਼ਤ ਕੇਰਾ ਰੋਕਦਾ ਹੈ ।

2. **ਮੌਸਮੀ ਕਾਰਨਾਂ ਕਰਕੇ ਕੇਰਾ** : ਕਈ ਵਾਰ ਦਸੰਬਰ ਮਹੀਨੇ ਸਖ਼ਤ ਠੰਢ ਪੈ ਜਾਂਦੀ ਹੈ ਜੋ ਕਿ ਲੰਬੇ ਸਮੇਂ ਤੱਕ ਰਹਿੰਦੀ ਹੈ ਅਤੇ ਇੱਥੋਂ ਤੱਕ ਕਿ ਜਨਵਰੀ ਅਖ਼ੀਰ ਤੱਕ ਜਾਰੀ ਰਹਿੰਦੀ ਹੈ । ਇਹ ਹਾਲਤ ਹੋਰ ਵੀ ਡੂੰਘੇ ਹੋ ਜਾਂਦੇ ਹਨ ਜਦ ਪੰਜਾਬ ਚ ਠੰਢੀਆਂ ਹਵਾਵਾਂ ਚੱਲਦੀਆਂ ਹਨ । ਇਹ ਹਾਲਾਤ ਫ਼ਲਾਂ ਦਾ ਭਾਰੀ ਕੇਰਾ ਅਤੇ ਪੱਤਿਆਂ ਦਾ ਡਿੱਗਣਾ ਵਧਾਉਂਦਾ ਹੈ । ਪੱਤਿਆਂ ਦਾ ਅਧਿਕ ਘਟ ਜਾਣਾ ਅਤੇ ਬਾਕੀ ਰਹਿੰਦੇ ਵਿਰਲੇ ਪੱਤੇ ਪੌਦੇ 'ਚ ਪ੍ਰਕਾਸ਼ ਸੰਸਲੇਸ਼ਣ ਗਤੀ ਘਟਾ ਦੇਂਦੇ ਹਨ । ਪੱਤੇ ਲੋੜੀਂਦੀ ਮਾਤਰਾ ਚ ਭੋਜਨ ਨਹੀਂ ਦੇ ਸਕਦੇ, ਇਸ ਤਰ੍ਹਾਂ ਫ਼ਲਾਂ ਦਾ ਵਾਧਾ ਰੁਕ ਜਾਂਦਾ ਹੈ, ਫ਼ਲ ਸੁੰਗੜ ਜਾਦੇ ਹਨ ਅਤੇ ਕਾਫ਼ੀ ਮਾਤਰਾ 'ਚ ਕਿਰ ਜਾਦੇ ਹਨ । ਅਜਿਹੀਆਂ ਹਾਲਤਾਂ ਤੋਂ ਬਚਾਅ ਲਈ ਜਦ ਵੀ ਕੋਰਾ ਪੈਣ ਦੇ ਆਸਾਰ ਨਜ਼ਰ ਆਉਣ, ਬੇਰ ਦੇ ਬਾਗਾਂ ਨੂੰ ਹਲਕੀ ਸਿਚਾਈ ਕਰੋ । ਸੁੱਕੇ ਪੱਤਿਆਂ ਦੇ ਢੇਰਾਂ ਨੂੰ ਹੌਲੀ-ਹੌਲੀ ਜਲਣ ਦਿਉ ਤਾਂ ਕਿ ਖੇਤ ਤੇ ਧੂੰਏਂ ਦੀ ਮੋਟੀ ਤਹਿ ਵਿਛ ਜਾਵੇ, ਜੋ ਕਿ ਅਸਮਾਨ ਦਾ ਤਾਪਮਾਨ ਘੱਟੋ ਘੱਟ 2^0 ਸੈਂਟੀਗ੍ਰੇਡ ਤੱਕ ਵਧਾ ਦਿੰਦੀ ਹੈ । ਇਹ ਵਿਧੀ ਦਸੰਬਰ-ਜਨਵਰੀ ਚ ਹੋਣ ਵਾਲੇ ਕੇਰੇ ਨੂੰ ਕੁਝ ਹੱਦ ਤੱਕ ਰੋਕ ਲੈਂਦੀ ਹੈ ।

3. **ਕੀੜੇ-ਮਕੌੜਿਆਂ ਕਾਰਨ ਕੇਰਾ** : ਬੇਰਾਂ ਦੇ ਬਾਗ ਚ ਸਿਉਂਕ ਇੱਕ ਭਾਰੀ ਸਮੱਸਿਆ ਹੈ । ਇਹ ਜੜ੍ਹਾਂ ਤੇ ਬੁਰੀ ਤਰ੍ਹਾਂ ਹਮਲਾ ਕਰਦੀ ਹੈ, ਮੁੱਖ ਤਣੇ ਅਤੇ ਮੁੱਖ ਟਹਿਣਿਆਂ ਤੇ ਜੰਮ ਜਾਂਦੀ ਹੈ । ਇਸ ਦੇ ਹਮਲੇ ਕਾਰਨ ਇਹ ਜਾਈਲਮ ਅਤੇ ਫਲੋਈਮ ਚ ਰਸੇ ਦੇ ਆਸਾਨ ਵਹਾਉ ਨੂੰ ਬੰਦ ਕਰਦੀ ਹੈ । ਆਖ਼ਰਕਾਰ ਫ਼ਲਾਂ ਨੂੰ ਲੋੜੀਂਦੇ ਕਾਰਬੋਹਾਈਡਰੇਟਸ ਦੀ ਸਪਲਾਈ ਘਟ ਜਾਂਦੀ ਹੈ ਅਤੇ ਨਤੀਜੇ ਵਜੋਂ ਫ਼ਲ ਕਿਰ ਜਾਂਦਾ ਹੈ ।

ਬੇਰ ਦੇ ਬੂਟਿਆਂ ਨੂੰ ਕਲੋਰਪਾਇਰੀਫਾਸ ਇੱਕ ਮਿਲੀਮੀਟਰ ਇੱਕ ਲਿਟਰ ਪਾਣੀ ਚ ਘੋਲ ਕੇ ਪਹਿਲਾਂ ਅਪ੍ਰੈਲ ਅਤੇ ਫਿਰ ਬਰਸਾਤ ਤੋਂ ਬਾਅਦ ਸਤੰਬਰ ਚ ਪਾਉ । ਕਲੋਰਪਾਇਰੀਫਾਸ (100 ਮਿਲੀਲਿਟਰ ਇੱਕ ਲਿਟਰ ਪਾਣੀ ਚ) ਦਾ ਸੰਘਣਾ ਘੋਲ ਤਿਆਰ ਕਰੋ ਅਤੇ ਇਹ ਘੋਲ ਬੁਰਸ਼ ਦੀ ਮਦਦ ਨਾਲ ਪੇਂਟ ਦੇ ਰੂਪ ਚ ਤਣੇ ਅਤੇ ਮੁੱਖ ਟਹਿਣਿਆਂ ਤੇ ਗ੍ਰਸਤ ਭਾਗ ਨੂੰ ਖ਼ੁਰਚਣ ਤੋਂ ਬਾਅਦ ਲਗਾਉ ।

4. **ਬੀਮਾਰੀਆਂ ਕਾਰਨ ਕੇਰਾ** : ਬੇਰਾਂ ਦੇ ਬਾਗ ਚ ਧੂੜੇਦਾਰ ਉੱਲੀ ਦਾ ਰੋਗ ਇੱਕ ਵੱਡੀ ਸਮੱਸਿਆ ਹੈ । ਉੱਲੀ ਦੇ ਹਮਲੇ ਕਾਰਨ ਫ਼ਲਾਂ ਅਤੇ ਪੱਤਿਆਂ ਦੇ ਹੇਠਾਂ ਚਿੱਟਾ ਧੂੜੇਦਾਰ ਸਮੂਹ ਜੰਮ ਜਾਂਦਾ ਹੈ । ਫ਼ਲ ਬੇਸ਼ਕਲ, ਖ਼ੁਰਦਰੇ, ਬੇਢੱਬੇ ਅਤੇ ਟੇਢੇ-ਮੇਢੇ ਹੋ ਜਾਂਦੇ ਹਨ । ਅਜਿਹੇ ਫ਼ਲ ਪੱਕਣ ਤੋਂ ਪਹਿਲਾਂ ਹੀ ਅਧਿਕ ਮਾਤਰਾ ਚ ਕਿਰ ਜਾਂਦੇ ਹਨ।

ਨੋਟ : ਬੇਰਾਂ ਦੀ ਬੀਮਾਰੀਆਂ ਦੇ ਸਿਰਲੇਖ ਹੇਠ ਦਿੱਤੇ ਢੁਕਵੇਂ ਰੋਕਥਾਮ ਉਪਾਉ ਅਪਣਾਉ ।

ਤੁੜਾਈ ਅਤੇ ਫ਼ਲਾਂ ਦੀ ਸੰਭਾਲ

ਬੇਰੀਆਂ ਤੇਜ਼ੀ ਨਾਲ ਵਧਦੀਆਂ ਹਨ ਅਤੇ ਪਹਿਲੀ ਫ਼ਸਲ 2-3 ਸਾਲਾਂ ਬਾਅਦ ਹੀ ਆ ਜਾਂਦੀ ਹੈ। ਇਹ ਫ਼ਲ ਲੱਗਣ ਤੋਂ ਪੱਕਣ ਤੱਕ 22-26 ਹਫ਼ਤੇ ਲੈਂਦਾ ਹੈ । ਉੱਤਰੀ ਭਾਰਤ ਵਿਚ ਬੇਰਾਂ ਦੀ ਤੁੜਾਈ ਦਾ ਮੁੱਖ ਸਮਾਂ ਅੱਧ-ਮਾਰਚ ਤੋਂ ਅੱਧ-ਅਪ੍ਰੈਲ ਹੈ ਪ੍ਰੰਤੂ ਕੁਝ ਅਗੇਤੀਆਂ ਕਿਸਮਾਂ ਫ਼ਰਵਰੀ ਦੇ ਅਖ਼ੀਰ ਚ ਪੱਕ ਜਾਂਦੀਆਂ ਹਨ। ਇਹ ਸਮਾਂ ਦੂਜੇ ਫ਼ਲਾਂ ਦੀ ਮੱਠੀ ਰੁੱਤ ਹੋਣ ਕਰਕੇ, ਬੇਰ ਚੰਗੇ ਮੁੱਲ ਤੇ ਸੌਖਾ ਹੀ ਵਿਕ ਜਾਂਦਾ ਹੈ । ਦੱਖਣੀ ਭਾਰਤ ਚ ਬੇਰ ਅਕਤੂਬਰ ਤੋਂ ਨਵੰਬਰ ਚ ਤੋੜਨ ਲਈ ਤਿਆਰ ਹੁੰਦਾ ਹੈ । ਗੁਜਰਾਤ ਚ ਤੁੜਾਈ ਦੀ ਰੁੱਤ ਦਸੰਬਰ ਤੋਂ ਮਾਰਚ ਅਤੇ ਰਾਜਿਸਥਾਨ ਚ ਇਹ ਜਨਵਰੀ ਤੋਂ ਮਾਰਚ ਹੈ ।

ਬੇਰ ਇਕ ਲੇਟ ਪੀਕ ਟਾਈਪ ਕਲਾਈਮੈਕਟੈਰਿਕ (ਬਾਅਦ ਚ ਵੀ ਪੱਕਦਾ ਰਹਿਣਾ) ਫ਼ਲ ਹੈ । ਬੇਰ ਹਮੇਸ਼ਾਂ ਪੂਰੀ ਪਕਾਈ ਤੇ ਹੀ ਤੋੜਨੇ ਚਾਹੀਦੇ ਹਨ । ਇਹ ਨਾ ਹੀ ਘੱਟ ਪੱਕੇ ਅਤੇ ਨਾ ਹੀ ਬਹੁਤੇ ਪੱਕੇ ਹੋਣ । ਇਹ ਉਦੋਂ ਹੀ ਤੋੜਨੇ ਚਾਹੀਦੇ ਹਨ ਜਦੋਂ ਇਨ੍ਹਾਂ ਨੇ ਢੁਕਵਾਂ ਆਕਾਰ ਅਤੇ ਖ਼ਾਸ ਰੰਗ ਅਖ਼ਤਿਆਰ ਕਰ ਲਿਆ ਹੋਵੇ ਜਿਵੇਂ ਕਿ ਉਮਰਾਨ ਕਿਸਮ ਵਿਚ ਗੂੜ੍ਹਾ ਸੁਨਹਿਰੀ ਪੀਲਾ ਰੰਗ । ਆਮ ਤੌਰ ਤੇ 4-5 ਤੁੜਾਈਆਂ ਕਰਨੀਆਂ ਪੈਂਦੀਆਂ ਹਨ ਕਿਉਂਕਿ ਸਾਰੇ ਫ਼ਲ ਦਰਖ਼ਤ ਤੇ ਇਕੋ ਸਮੇਂ ਨਹੀਂ ਪੱਕਦੇ । ਠੇਕੇਦਾਰਾਂ ਦਾ ਇਹ ਰੁਝਾਨ ਹੁੰਦਾ ਹੈ ਕਿ ਮੰਡੀਕਰਨ ਲਈ ਫ਼ਲ ਅੱਧ ਪੱਕੀ ਹਾਲਤ ਵਿਚ ਤੋੜ ਲਿਆ ਜਾਵੇ । ਨਾ ਪੱਕੇ ਫ਼ਲ ਕਾਰਨ ਗਾਹਕ ਸੰਤੁਸ਼ਟ ਨਹੀਂ ਹੁੰਦੇ । ਇਹ ਜ਼ਰੂਰੀ ਹੈ ਕਿ ਫ਼ਲ ਹਮੇਸ਼ਾਂ ਪੱਕਣ ਦੀ ਸਹੀ ਅਵਸਥਾ ਚ ਹੀ ਤੋੜੇ ਜਾਣ ਤਾਂ ਜੋ ਇਨ੍ਹਾਂ ਦਾ ਸੁਆਦ ਮਾਣਿਆ ਜਾ ਸਕੇ । ਦਰਖ਼ਤ ਤੇ ਫ਼ਲਾਂ ਦੇ ਰੰਗ ਦਾ ਨਿਖ਼ਾਰ ਤੁੜਾਈ ਲਈ ਇਕ ਵਧੀਆ ਸੰਕੇਤ ਹੈ । ਫ਼ਲਾਂ ਦੀ ਪੱਕਣ ਸਮੇਂ ਖ਼ਾਸ ਗਰੂਤਾ (ਸਪੈਸੇਫਿਕ ਗਰੇਵਟੀ) ਇਕ ਤੋਂ ਘੱਟ ਹੋਣੀ ਚਾਹੀਦੀ ਹੈ । ਕਿਸੇ ਵੀ ਹਾਲਤ ਵਿਚ ਫ਼ਲਾਂ ਨੂੰ ਬੂਟੇ ਤੇ ਜ਼ਿਆਦਾ ਨਹੀਂ ਪੱਕਣ ਦੇਣਾ ਚਾਹੀਦਾ ਕਿਉਂਕਿ ਅਜਿਹਾ ਹੋਣ ਨਾਲ ਇਨ੍ਹਾਂ ਦਾ ਸੁਆਦ ਅਤੇ ਗੁਣ ਨਸ਼ਟ ਹੋ ਜਾਂਦੇ ਹਨ ਅਤੇ ਇਸ ਤਰ੍ਹਾਂ ਮੰਡੀ ਚ ਘੱਟ ਮੁੱਲ ਪੈਂਦਾ ਹੈ ।

ਫ਼ਲਾਂ ਨੂੰ ਇਕਸਾਰ ਅਤੇ ਅਗੇਤਾ ਪਕਾਉਣਾ : ਬੇਰਾਂ ਦੀ ਉਮਰਾਨ ਕਿਸਮ ਉਤਰੀ ਭਾਰਤ ਦੀ ਇਕ ਵਪਾਰਕ ਕਿਸਮ ਹੈ ਅਤੇ ਲੇਟ ਪੱਕਦੀ ਹੈ । ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਚ ਇਸ ਦਾ ਸਹੀ ਪੱਕਣ ਦਾ ਸਮਾਂ ਅਪ੍ਰੈਲ ਦਾ ਪਹਿਲਾ

ਹਫ਼ਤਾ ਹੈ (ਫ਼ੋਟੋ 11)। ਇਕਸਾਰ ਅਤੇ ਅਗੇਤਾ ਪਕਾਉਣ ਦੀ ਵਿਧੀ ਪੱਕਣ ਕ੍ਰਿਆ ਦੇ ਚੱਕਰ ਨੂੰ ਸੁਲਝਾਉਂਦੀ ਹੈ ਜੋ 4-5 ਪੂਰਾਂ 'ਚ ਤੁੜਾਈ ਦੇ ਜੋਖ਼ਮ ਭਰੇ ਕੰਮ ਤੋਂ ਬਚਾਉਂਦੀ ਹੈ। ਐਥੀਫੋਨ 400 ਪੀ ਪੀ ਐਮ (250 ਮਿਲੀਲਿਟਰ 300 ਲਿਟਰ ਪਾਣੀ ਵਿਚ) ਦਾ ਮਾਰਚ ਦੇ ਪਹਿਲੇ ਹਫ਼ਤੇ ਫ਼ਲਾਂ ਦੀ ਰੰਗ ਬਦਲਣ ਦੀ ਅਵਸਥਾ ਤੇ ਛਿੜਕਾਅ ਕਰਨ ਨਾਲ ਉਮਰਾਨ ਕਿਸਮ ਦੇ ਬੇਰ ਦੋ ਹਫ਼ਤੇ ਪਹਿਲਾ ਪੱਕ ਜਾਂਦੇ ਹਨ ਅਤੇ ਫ਼ਲ ਦਿਲ ਖਿੱਚਵੇਂ, ਇਕਸਾਰ, ਚੰਗੇ ਗੁਣਾਂ ਵਾਲੇ ਅਤੇ ਗੂੜ੍ਹੇ ਸੁਨਹਿਰੀ ਪੀਲੇ ਚਾਕਲੇਟ ਭਾਅ ਮਾਰਦੇ ਪੈਦਾ ਹੁੰਦੇ ਹਨ। ਐਥੀਫੋਨ ਨਾਲ ਅਗੇਤਾ ਮੰਡੀਕਰਨ ਹੋਣ ਕਰਕੇ ਪ੍ਰਤੀ ਯੂਨਿਟ ਏਰੀਏ ਚੋਂ ਅਧਿਕ ਮੁਨਾਫ਼ਾ ਮਿਲਦਾ ਹੈ। ਤੁੜਾਈ ਦਾ ਸਮਾਂ ਦੋ ਹਫ਼ਤਿਆਂ ਤੋਂ ਇਕ ਮਹੀਨਾ ਵਧਾਇਆ ਜਾ ਸਕਦਾ ਹੈ ਅਤੇ ਚੋਟੀ ਦੇ ਪੱਕਣ ਸਮੇਂ ਮੰਡੀਕਰਨ ਦੇ ਤਣਾਅ ਨੂੰ ਸੌਖਾਲਾ ਕਰਦੀ ਹੈ।

ਫ਼ਲਾਂ ਦੀ ਪਕਾਈ : ਬੇਰ ਦਾ ਫ਼ਲ ਅਗੇਤੀ ਪਕਾਈ ਤੇ ਤੋੜਨ ਨਾਲ ਪੱਧਰਾ ਨਹੀਂ ਪੱਕਦਾ। ਪੱਕਣ ਅਵਸਥਾ ਨਾ ਦੇਖਦੇ ਹੋਏ ਫ਼ਲਾਂ ਦਾ ਐਥੀਫੋਨ (2000-3000 ਪੀ ਪੀ ਐੱਮ) ਅਤੇ ਗਰਮ ਪਾਣੀ ਚ ਡੋਬਾ ਪੱਕਣ ਦੀ ਪ੍ਰਤੀਸ਼ਤ ਕ੍ਰਿਆ ਵਧਾਉਂਦੇ ਹਨ ਅਤੇ ਪੱਕਣ ਤੋਂ ਬਾਅਦ ਵਧੀਆ ਰੰਗ ਅਖ਼ਤਿਆਰ ਹੁੰਦਾ ਹੈ। ਫ਼ਲਾਂ ਦੀ ਬਾਅਦ ਚ ਪੱਕਣ ਅਵਸਥ ਚ ਕੀਤੀ ਦੇਰੀ ਨਾਲ ਤੁੜਾਈ ਕਾਰਨ ਵਧੇਰੇ ਮਿਠਾਸ, ਖੰਡ ਮਾਤਰਾ ਅਤੇ ਪੀ ਐੱਮ ਈ ਗਤੀ ਅਤੇ ਘੱਟ ਖਟਾਸ ਅਤੇ ਟੋਟਲ ਫਿਨਾਲਿਕਸ ਹੁੰਦੇ ਹਨ। ਦੂਰ ਦੀਆਂ ਮੰਡੀਆਂ ਚ ਲਿਜਾਣ ਲਈ, ਬੇਰਾਂ ਦੀ ਤੁੜਾਈ 29 ਮਾਰਚ ਨੂੰ ਅਤੇ ਲੋਕਲ ਮੰਡੀਆਂ ਲਈ 5 ਤੋਂ 12 ਅਪ੍ਰੈਲ ਦਰਮਿਆਨ ਕਰਨੀ ਚਾਹੀਦੀ ਹੈ।

ਦਰਜ਼ਾ-ਬੰਦੀ ਅਤੇ ਫ਼ਲਾਂ ਦੀ ਪੈਕਿੰਗ : ਮੰਡੀਕਰਨ ਕਰਨ ਤੋਂ ਪਹਿਲਾਂ ਫ਼ਲਾਂ ਦੀ ਲਗਾਤਾਰ ਦਰਜ਼ਾ-ਬੰਦੀ ਕਰਨੀ ਚਾਹੀਦੀ ਹੈ ਤਾਂ ਜੋ ਇਹ ਵੱਧ ਕੀਮਤ ਨਾਲ ਵਿਕ ਸਕਣ। ਬੇਰਾਂ ਦੀ ਚਾਰ ਗਰੇਡਾਂ ਵਿਚ ਦਰਜ਼ਾ-ਬੰਦੀ ਕਰਨੀ ਚਾਹੀਦੀ ਹੈ ਜਿਵੇਂ ਕਿ 'ਏ' ਗਰੇਡ - ਵੱਡੇ ਫ਼ਲ; 'ਬੀ' ਗਰੇਡ- ਦਰਮਿਆਨੇ ਫ਼ਲ; 'ਸੀ' ਗਰੇਡ-ਛੋਟੇ ਫ਼ਲ ਅਤੇ 'ਡੀ' ਗਰੇਡ - ਕੱਚੇ, ਵੱਧ ਪੱਕੇ, ਬੇਢੱਬੇ ਅਤੇ ਦਾਗ਼ੀ ਫ਼ਲ। ਸਭ ਤੋਂ ਵੱਧ 'ਬੀ' ਗਰੇਡ ਵਿਚ 33% ਅਤੇ 'ਏ' ਗਰੇਡ ਵਿਚ 27% ਫ਼ਲ ਹੁੰਦੇ ਹਨ। ਇਸੇ ਤਰ੍ਹਾਂ 'ਸੀ' ਗਰੇਡ ਵਿਚ 21% ਅਤੇ 'ਏ' ਗਰੇਡ ਵਿਚ 19% ਬੇਰ ਹੁੰਦੇ ਹਨ। 'ਏ' ਅਤੇ 'ਬੀ' ਗਰੇਡ ਫ਼ਲ ਕੁਲ ਝਾੜ ਦੇ 60% ਹੁੰਦੇ ਹਨ ਜੋ ਗੂੜ੍ਹੇ ਸੁਨਹਿਰੀ ਪੀਲੇ ਰੰਗ ਦੇ ਹੋਣ ਕਰਕੇ ਗਾਹਕਾਂ ਨੂੰ ਵਧੇਰੇ ਪਸੰਦ ਹੁੰਦੇ ਹਨ ਅਤੇ ਮੰਡੀਕਰਨ ਲਈ ਵਧੀਆ ਮੰਨੇ ਜਾਂਦੇ ਹਨ।

ਬੇਰਾਂ ਨੂੰ ਉਨ੍ਹਾਂ ਦੇ ਗਰੇਡ ਮੁਤਾਬਿਕ ਨਾਲੀਦਾਰ ਗੱਤੇ ਦੇ ਡੱਬਿਆਂ, ਲੱਕੜ ਦੀਆਂ ਪੇਟੀਆਂ, ਪੌਲੀਨੈੱਟ, ਟੋਕਰੀਆਂ ਅਤੇ ਢੁਕਵੇਂ ਆਕਾਰ ਦੀਆਂ ਬੋਰੀਆਂ ਚ

ਠੀਕ ਤਰ੍ਹਾਂ ਪੈਕ ਕਰਨਾ ਚਾਹੀਦਾ ਹੈ । ਫ਼ਲਾਂ ਨੂੰ ਠੀਕ ਤਰ੍ਹਾਂ ਡੱਬਾਬੰਦ ਕਰਨ ਤੋਂ ਤੁਰੰਤ ਬਾਅਦ ਮੰਡੀ ਭੇਜ ਦੇਣਾ ਚਾਹੀਦਾ ਹੈ ।

ਬੇਰ ਦੇ ਫ਼ਲਾਂ ਨੂੰ 8 ਕਿਲੋ ਦੇ ਸਖ਼ਤ ਨਾਲੀਦਾਰ ਗੱਤੇ ਦੇ ਡੱਬਿਆਂ (40×25×30 ਸੈਂ.ਮੀ.) ਚ ਜਿਨ੍ਹਾਂ ਦੇ ਦੋਵੇਂ ਪਾਸੇ ਇਕ ਸੈਂਟੀਮੀਟਰ ਆਕਾਰ ਦੇ 6 ਛੇਕ ਹੋਣ ਅਤੇ ਗੱਦੇ ਦੇ ਤੌਰ ਤੇ ਕਾਗਜ਼ਾਂ ਦੀਆਂ ਕਾਤਰਾਂ ਰੱਖ ਕੇ ਡੱਬਾਬੰਦ ਕਰਨ ਨਾਲ 9–12 ਦਿਨਾਂ ਲਈ ਵਧੀਆ ਗੁਣਾਂ ਸਹਿਤ ਰੱਖਿਆ ਜਾ ਸਕਦਾ ਹੈ । ਲੱਕੜ ਦੀਆਂ ਪੇਟੀਆਂ ਇਕ ਹੋਰ ਵਧੀਆ ਪੈਕਿੰਗ ਹੈ ਪ੍ਰੰਤੂ ਜੰਗਲੀ ਲੱਕੜ ਦੀ ਘਾਟ ਹੋਣ ਕਰਕੇ ਇਸ ਦੀ ਵਰਤੋਂ ਘੱਟ ਹੈ । ਬਾਂਸ ਦੀਆਂ ਟੋਕਰੀਆਂ ਚ ਗੱਦੇ ਦੇ ਤੌਰ ਤੇ ਸੁੱਕਾ ਘਾਹ ਵਿਛਾ ਕੇ, ਸਥਾਨਕ ਅਤੇ ਨੇੜੇ ਦੇ ਫ਼ਾਸਲੇ ਅਤੇ ਭੇਜਣ ਲਈ ਲਾਭਦਾਇਕ ਹੋ ਸਕਦੀਆਂ ਹਨ । ਬੋਰੀਆਂ ਹੇਠਲੀ ਕੁਆਲਟੀ ਵਾਲੇ ਫ਼ਲ ਪੈਕ ਕਰਨ ਲਈ ਵਧੀਆ ਹਨ ।

ਬੇਰਾਂ ਦੀ ਇਕ ਕਿਲੋ ਸਮਰੱਥਾ ਵਾਲੇ ਪੋਲੀਨੈੱਟ ਅਤੇ ਮੋਰੀਆਂ ਵਾਲੇ ਮੋਮੀ ਲਿਫ਼ਾਫ਼ਿਆਂ ਦੇ ਵੱਖ-ਵੱਖ ਆਕਾਰਾਂ ਚ ਪੈਕਿੰਗ ਲੋਕਲ ਫ਼ਲਾਂ ਦੀ ਵਿਕਰੀ ਲਈ ਲਾਭਦਾਇਕ ਹੈ । 4 ਅਤੇ 8 ਕਿਲੋ ਸਮਰਥਾ ਵਾਲੇ ਨਾਲੀਦਾਰ ਗੱਤੇ ਦੇ ਡੱਬੇ ਬੇਰ ਦੇ ਫ਼ਲਾਂ ਦੀ ਪੈਕਿੰਗ ਲਈ ਚੰਗੇ ਸਮਝੇ ਜਾਂਦੇ ਹਨ । 16 ਤੋਂ 40 ਕਿਲੋ ਆਕਾਰ ਦੀਆਂ ਬੋਰੀਆਂ ਬੇਰ ਦੇ ਫ਼ਲਾਂ ਨੂੰ ਦੂਰ ਦੁਰਾਡੇ ਭੇਜਣ ਲਈ ਵਰਤੀਆਂ ਜਾਂਦੀਆਂ ਹਨ।

ਸ਼ੈਲਫ-ਲਾਈਫ : ਬੇਰ ਦੇ ਫ਼ਲ ਕਮਰੇ ਦੇ ਤਾਪਮਾਨ ਤੇ ਮੋਰੀਆਂ ਕੀਤੇ ਮੋਮੀ ਲਿਫ਼ਾਫਿਆਂ ਚ ਇਕ ਹਫ਼ਤੇ ਲਈ ਠੀਕ ਰਹਿ ਸਕਦੇ ਹਨ। ਉਮਰਾਨ ਕਿਸਮ ਦੇ ਫ਼ਲ ਰੰਗ ਬਦਲਣ ਤੇ ਤੋੜਨ ਤੇ $7.5+1^0$ ਸੈਂਟੀਗਰੇਡ ਤਾਪਮਾਨ ਅਤੇ 90–95% ਨਮੀ ਤੇ ਪ੍ਰਵਾਨ ਯੋਗ ਰੰਗ ਅਤੇ ਗੁਣਵਾਨਤਾ ਸਮੇਤ ਦੋ ਹਫ਼ਤੇ ਰੱਖੇ ਜਾ ਸਕਦੇ ਹਨ।

ਫ਼ਲਾਂ ਦਾ ਮੰਡੀਕਰਨ : ਫ਼ਲ ਉਤਪਾਦਕ ਆਮ ਤੌਰ ਤੇ ਆਪਣੀ ਫ਼ਸਲ ਫ਼ਲਾਂ ਦੇ ਠੇਕੇਦਾਰਾਂ ਨੂੰ ਬੋਲੀ ਤੇ ਦੇ ਦੇਂਦੇ ਹਨ । ਉਹ ਫ਼ਲਾਂ ਦੀ ਤੁੜਾਈ ਆਪਣੀ ਸਹੂਲਤ ਮੁਤਾਬਿਕ ਕਰਦੇ ਹਨ ਅਤੇ ਬੇਰਾਂ ਨੂੰ ਸਥਾਨਿਕ ਜਾਂ ਦੂਰ ਦੀਆਂ ਮੰਡੀਆਂ ਚ ਭੇਜਦੇ ਹਨ । ਅੱਜਕੱਲ੍ਹ ਕੁਝ ਅਗਾਂਹ-ਵਧੂ ਉਤਪਾਦਕਾਂ ਨੇ ਬੇਰਾਂ ਦਾ ਮੰਡੀਕਰਨ ਆਪਣੀ ਪੱਧਰ ਤੇ ਕਰਨਾ ਸ਼ੁਰੂ ਕੀਤਾ ਹੈ, ਜਿਸਦਾ ਕਾਫ਼ੀ ਲਾਭ ਹੋ ਰਿਹਾ ਹੈ ।

ਬੇਰੀਆਂ ਦੇ ਬੂਟੇ ਲਗਾਤਾਰ ਅਤੇ ਭਾਰੀ ਉਪਜ ਦੇਂਦੇ ਹਨ ਅਤੇ ਵੱਖ-ਵੱਖ ਪਿਉਂਦੀ ਕਿਸਮਾਂ ਦੇ ਭਰ ਜਵਾਨ ਦਰਖ਼ਤ ਇਕ ਤੋਂ ਦੋ ਕੁਇੰਟਲ ਫ਼ਲ ਪ੍ਰਤੀ ਬੂਟਾ ਦੇਂਦੇ ਹਨ । ਬੇਰਾਂ ਦੀ ਤੁੜਾਈ ਦਾ ਭਰ ਜੋਬਨ ਸਮਾਂ ਇਕ ਮਹੀਨਾ ਰਹਿੰਦਾ ਹੈ – 15 ਮਾਰਚ ਤੋਂ 15 ਅਪ੍ਰੈਲ ਅਤੇ ਫ਼ਲ ਕਈ ਪੂਰਾਂ ਚ ਤੋੜੇ ਜਾਂਦੇ ਹਨ ।

ਬੇਰ ਦਾ ਉਗਾਉਣਾ ਕਾਫ਼ੀ ਆਸਾਨ ਅਤੇ ਸਸਤਾ ਹੈ, ਪ੍ਰੰਤੂ ਆਮਦਨ ਪੱਖੋਂ ਇਹ ਹੋਰ ਫ਼ਲਾਂ ਦੀ ਕਾਸ਼ਤ ਤੋਂ ਅੱਗੇ ਨਿਕਲ ਜਾਂਦਾ ਹੈ । ਫ਼ਲ ਉਤਪਾਦਨ ਚੋਣਵੀਆਂ ਕਿਸਮਾਂ ਲਗਾਕੇ ਅਤੇ ਪ੍ਰਮਾਣਿਤ ਪ੍ਰਬੰਧਕੀ ਸਿਫ਼ਾਰਸ਼ਾਂ ਅਪਣਾ ਕੇ 40000 ਤੋਂ 60000 ਰੁਪਏ ਪ੍ਰਤੀ ਹੈਕਟੇਅਰ ਆਮਦਨ ਲੈ ਸਕਦੇ ਹਨ ।

ਬੇਰ ਦੇ ਫ਼ਲਾਂ ਦੀ ਵਰਤੋਂ : ਬੇਰ ਦੂਜੇ ਫ਼ਲਾਂ ਦੇ ਮੁਕਾਬਲੇ ਬਹੁਤ ਗੁਣਕਾਰੀ ਹੈ। ਬੇਰ ਦੇ ਤਾਜ਼ੇ ਫ਼ਲਾਂ ਨੂੰ ਬਹੁਤ ਸਾਰੇ ਲੋੜੀਂਦੇ ਪਦਾਰਥਾਂ 'ਚ ਪਕਵਾਨ ਬਣਾ ਕੇ ਬੇਮੌਸਮੀ ਵਰਤੋਂ 'ਚ ਲਿਆ ਸਕਦੇ ਹਾਂ । ਬੇਰ ਪਦਾਰਥ ਜਿਵੇਂ ਕਿ ਧੁੱਪ ਚ ਸੁਕਾਉਣਾ, ਮੁਰੱਬਾ ਤੇ ਕੈਂਡੀ, ਖੰਡ ਦੀ ਚਾਸ਼ਣੀ 'ਚ ਡੱਬਾ-ਬੰਦੀ ਅਤੇ ਗੁੱਦਾ ਅਤੇ ਸਕੂਐਸ਼ ਬਣਾ ਸਕਦੇ ਹਾਂ । ਬੇਰ ਹਰਮਨ ਪਿਆਰਾ ਹੋ ਰਿਹਾ ਹੈ ਅਤੇ ਵਪਾਰਕ ਪੱਧਰ ਤੇ ਕਾਸ਼ਤ ਕੀਤਾ ਜਾ ਰਿਹਾ ਹੈ। ਇਸ ਕਰਕੇ ਹੇਠ ਲਿਖੇ ਪਦਾਰਥਾਂ 'ਚ ਬੇਰ ਦੀ ਬਹੁਤ ਪਕਵਾਨ ਸੰਭਾਵਨਾ ਹੈ ।

ਧੁੱਪ ਚ ਬੇਰ ਸੁਕਾਉਣਾ : ਉਮਰਾਨ ਕਿਸਮ ਦੇ ਬੇਰ ਸੁਨਹਿਰੀ ਤੋਂ ਹਲਕੇ ਚਾਕਲੇਟ ਭੂਰੇ ਰੰਗ ਦੇ ਪੂਰੇ ਵਿਕਸਤ ਪੱਕੇ ਹੋਏ ਸਖ਼ਤ ਫ਼ਲ ਚੁਣਨੇ ਚਾਹੀਦੇ ਹਨ । ਫ਼ਲਾਂ ਨੂੰ ਚਾਰ ਮਿੰਟਾਂ ਲਈ ਉੱਬਲਦੇ ਪਾਣੀ ਚ ਪਾਉ ਅਤੇ ਫਿਰ ਠੰਢੇ ਪਾਣੀ ਚ ਪਾਉ। ਲੱਕੜੀ ਦੇ ਬਕਸੇ ਵਿਚ ਇਕ ਕਿਲੋ ਬੇਰਾਂ ਪਿੱਛੇ 3.5 ਤੋਂ 10 ਗ੍ਰਾਮ ਗੰਧਕ ਜਲਾ ਕੇ ਸਲਫ਼ਰ ਡਾਈਆਕਸਾਈਡ ਦਾ ਬੇਰਾਂ ਨੂੰ 3 ਘੰਟਿਆਂ ਤੱਕ ਧੂੰਆਂ ਦਿੱਤਾ ਜਾਂਦਾ ਹੈ । ਗੰਧਕ ਦੀ ਮਾਤਰਾ ਫ਼ਲਾਂ ਦੇ ਆਕਾਰ ਮੁਤਾਬਿਕ ਨਿਸ਼ਚਿਤ ਕੀਤੀ ਜਾ ਸਕਦੀ ਹੈ । ਸਲਫ਼ਰ ਡਾਈਆਕਸਾਈਡ ਦੀ ਵਰਤੋਂ ਸੁੱਕੇ ਹੋਏ ਫ਼ਲਾਂ ਦਾ ਰੰਗ ਵਧੀਆ ਰੱਖਦੀ ਹੈ । ਧੁੱਪੇ ਸੁਕਾਉਣ ਲਈ ਗੰਧਕ ਨਾਲ ਸੋਧੇ ਫ਼ਲਾਂ ਨੂੰ ਧੁੱਪੇ 7-12 ਘੰਟਿਆਂ ਲਈ ਰੱਖਿਆ ਜਾਂਦਾ ਹੈ । ਸੁਕਾਉਣ ਲਈ, ਸੋਮੇ ਫ਼ਲਾਂ ਨੂੰ ਫ਼ਲ ਸੁਕਾਉਣ ਵਾਲੇ ਯੰਤਰ ਵਿਚ $60+5^0$ ਸੈਂਟੀਗ੍ਰੇਡ ਤਾਪਮਾਨ ਤੇ 31 ਘੰਟਿਆਂ ਤੱਕ ਰੱਖਣ ਤੇ ਛੁਹਾਰੇ ਬਣਾਉਣ ਲਈ ਵਧੀਆ ਸੁੱਕਦੇ ਹਨ ।

ਬੇਰ ਕੈਂਡੀ ਅਤੇ ਮੁਰੱਬਾ : ਵੱਡੇ ਆਕਾਰ ਦੇ ਪੂਰੇ ਪੱਕੇ ਉਮਰਾਨ ਕਿਸਮ ਦੇ ਬੇਰਾਂ ਨੂੰ ਲੱਕੜ ਦੇ ਤੀਲਿਆਂ ਜਾਂ ਕਾਂਟਿਆਂ ਨਾਲ ਪੱਛੋ । ਫ਼ਲਾਂ ਨੂੰ ਪਾਣੀ ਵਿਚ 5 ਮਿੰਟਾਂ ਲਈ ਉਬਾਲੋ ਅਤੇ ਇਕ ਹਿੱਸਾ ਖੰਡ ਅਤੇ ਤਿੰਨ ਹਿੱਸੇ ਪਾਣੀ ਉਬਾਲ ਕੇ ਬਣਾਈ ਖੰਡ ਦੀ ਚਾਸ਼ਣੀ ਚ ਡੁਬੋਵੋ । ਹਰ 24 ਘੰਟਿਆਂ ਪਿਛੋਂ ਫ਼ਲ ਨਿਤਾਰੋ, ਉਬਲਦੀ ਚਾਸਣੀ ਚ ਹੋਰ ਖੰਡ ਪਾਓ, ਫਿਰ ਨਿਤਾਰੋ ਅਤੇ ਫਿਰ ਚਾਸਣੀ ਵਿਚ ਡੁਬੋਵੋ । ਇਹ ਵਿਧੀ 5-7 ਦਿਨਾਂ ਤੱਕ ਦੁਹਰਾਉਂਦੇ ਰਹੋ ਜਦ ਤੱਕ ਸਾਰੀ ਖੰਡ ਫ਼ਲਾਂ ਦੇ ਬਾਰ ਬਰਾਬਰ ਵਰਤੀ ਨਹੀਂ ਜਾਂਦੀ ਅਤੇ ਚਾਸ਼ਣੀ ਸ਼ਹਿਦ ਜਿਹੀ ਗਾੜ੍ਹੀ ਨਹੀਂ ਹੋ ਜਾਂਦੀ । ਪ੍ਰਤੀ ਕਿਲੋ ਖੰਡ ਵਾਸਤੇ 2 ਗ੍ਰਾਮ ਨਿੰਬੂ ਦਾ ਸੱਤ ਵਰਤੋ । ਜੋ ਫ਼ਲ ਕੈਂਡੀ

ਲਈ ਬੰਦ ਕਰਨੇ ਹਨ ਚਾਸ਼ਣੀ ਨਿਤਾਰੋ, ਫ਼ਲ ਸੁੱਕਣ ਤੇ ਡੱਬਾ ਬੰਦ ਕਰੋ । ਮੁਰੱਬੇ ਲਈ ਫ਼ਲ ਚਾਸ਼ਣੀ ਸਮੇਤ ਬੰਦ ਕਰੋ ।

ਖੰਡ ਦੀ ਚਾਸਣੀ ਚ ਡੱਬਾ-ਬੰਦੀ : ਉਮਰਾਨ ਕਿਸਮ ਦੇ ਸਖ਼ਤ ਤੇ ਪੂਰੇ ਵਿਕਸਤ ਕੀਤੇ ਬੇਰ ਚੁਣੇ ਜਾਂਦੇ ਹਨ ਅਤੇ ਹੱਥ ਵਾਲੇ ਪੀਲਰ ਨਾਲ ਛਿਲਕਾ ਉਤਾਰੋ। ਇਨ੍ਹਾਂ ਦੇ ਟੁਕੜੇ ਕਰਨ ਤੋਂ ਬਾਅਦ, ਫ਼ਲ ਉਬਾਲੇ ਜਾਂਦੇ ਹਨ ਅਤੇ ਫਿਰ 450 ਗ੍ਰਾਮ ਆਕਾਰ ਦੇ ਕੈਨਾਂ 'ਚ ਪੈਕ ਕੀਤੇ ਜਾਂਦੇ ਹਨ ਅਤੇ 40% ਖੰਡ ਅਤੇ 0.5% ਨਿੰਬੂ ਸਤ ਦੀ 82-85^0 ਸੈਂਟੀਗਰੇਡ ਤਾਪਮਾਨ ਤੇ ਬਣੀ ਹੋਈ ਚਾਸ਼ਣੀ ਨਾਲ ਢੱਕ ਦਿੱਤੇ ਜਾਂਦੇ ਹਨ । ਡੱਬਿਆਂ ਨੂੰ ਉੱਬਲਦੇ ਪਾਣੀ ਵਿਚ ਰੱਖ ਕੇ ਅੰਦਰਲਾ ਤਾਪਮਾਨ 82^0 ਸੈਂਟੀਗ੍ਰੇਡ ਆਉਣ ਤੱਕ ਰੱਖੀ ਰੱਖੋ । ਕੈਨ ਦੀ ਹਵਾ ਕੱਢੋ ਅਤੇ ਅੱਧਾ ਘੰਟਾ ਡੁਬੋ ਕੇ ਰੱਖੋ ਅਤੇ ਫਿਰ ਠੰਡਾ ਕਰੋ ।

ਬੇਰਾਂ ਦਾ ਗੁੱਦਾ ਅਤੇ ਸਕੂਐਸ਼ : ਸਕੋਰ-2, ਕੈਥਲੀ ਅਤੇ ਜੈੱਡ-ਜੀ-2 ਕਿਸਮਾਂ ਵਿਚ ਮੰਤਵ ਲਈ ਢੁਕਵੀਆਂ ਹਨ । ਪੂਰੇ ਪੱਕੇ ਹੋਏ ਫ਼ਲਾਂ ਦੇ ਛੋਟੇ-ਛੋਟੇ ਟੁਕੜੇ ਕਰੋ ਅਤੇ ਗਿਟਕਾਂ ਕੱਢ ਦਿਉ । ਫ਼ਲਾਂ ਨੂੰ ਅੱਧ ਤੋਂ ਬਰਾਬਰ ਦੀ ਮਾਤਰਾ ਦੇ ਪਾਣੀ 'ਚ ਕੁਝ ਮਿੰਟਾਂ ਲਈ ਗਰਮ ਕਰੋ ਅਤੇ ਇਨ੍ਹਾਂ ਨੂੰ ਅਲਮੀਨੀਅਮ ਦੀ ਛਾਨਣੀ ਨਾਲ ਛਾਣੋ । ਬੇਰ ਦਾ ਗੁੱਦਾ ਰਸਾਇਣ ਪਾ ਕੇ ਸੰਭਾਲਿਆ ਜਾ ਸਕਦਾ ਹੈ । ਗੁੱਦੇ ਤੋਂ ਸਕੂਐਸ਼ ਬਣਾਉਣ ਲਈ 1.4 ਕਿਲੋ ਖੰਡ, 35 ਗ੍ਰਾਮ ਨਿੰਬੂ ਦਾ ਸਤ ਅਤੇ 600 ਮਿਲੀਲਿਟਰ ਪਾਣੀ ਗਰਮ ਕਰਕੇ ਚਾਸ਼ਣੀ ਬਣਾਈ ਜਾਂਦੀ ਹੈ । ਪੁਣਨ ਤੋਂ ਬਾਅਦ ਚਾਸ਼ਣੀ ਠੰਡੀ ਕੀਤੀ ਜਾਂਦੀ ਹੈ ਅਤੇ ਇਸ ਨੂੰ ਇਕ ਕਿਲੋ ਗੁੱਦਾ ਅਤੇ 2 ਗ੍ਰਾਮ ਪੋਟਾਸ਼ੀਅਮ ਮੈਟਾਬਾਈਸਲਫਾਈਟ (ਥੋੜੇ ਪਾਣੀ ਚ ਘੋਲ ਕੇ) ਚ ਰਲਾਇਆ ਜਾਂਦਾ ਹੇ । ਸਾਰਾ ਮਿਸ਼ਰਣ ਚੰਗੀ ਤਰ੍ਹਾਂ ਰਲਾਇਆ ਜਾਂਦਾ ਹੈ। ਸਕੂਐਸ਼ ਨੂੰ ਜਰਮ ਰਹਿਤ ਬੋਤਲਾਂ ਚ ਸਿਰੇ ਤੋਂ 4 ਸੈਂਟੀਮੀਟਰ ਜਗ੍ਹਾ ਛੱਡ ਕੇ ਭਰੋ ਅਤੇ ਬੰਦ ਕਰ ਦਿਉ ।

ਪੌਦ ਸੁਰੱਖਿਆ ਢੰਗ

ਬੇਰੀਆਂ ਦੇ ਪੱਤਿਆਂ ਅਤੇ ਫ਼ਲਾਂ ਤੇ ਕਈ ਕਿਸਮ ਦੇ ਕੀੜੇ-ਮਕੌੜੇ ਅਤੇ ਬੀਮਾਰੀਆਂ ਹਮਲਾ ਕਰਦੀਆ ਹਨ। ਪ੍ਰਭਾਵਿਤ ਫ਼ਲ ਛੋਟੇ, ਬੇਢੱਬੇ, ਅਗੇਤਾ ਡਿੱਗ ਜਾਂਦੇ ਅਤੇ ਨਾ-ਖਾਣ ਯੋਗ ਹੋ ਜਾਂਦੇ ਹਨ। ਸਿਹਤਮੰਦ ਅਤੇ ਵਧੀਆ ਗੁਣਵਾਨਤਾ ਵਾਲੇ ਫ਼ਲਾਂ ਦਾ ਝਾੜ ਲੈਣ ਲਈ ਢੁਕਵੇਂ ਪੌਦ ਸੁਰੱਖਿਆ ਢੰਗ ਅਪਨਾਉਣੇ ਚਾਹੀਦੇ ਹਨ।

ਕੀੜੇ-ਮਕੌੜੇ

ਫ਼ਲ ਦੀ ਮੱਖੀ : ਇਹ ਬੇਰ ਦੇ ਫ਼ਲਾਂ ਦਾ ਬਹੁਤ ਨੁਕਸਾਨ ਕਰਦੀ ਹੈ। ਫ਼ਲ ਦੀ ਮੱਖੀ ਵਧ ਰਹੇ ਫ਼ਲ ਦੀ ਬਾਹਰੀ ਛਿੱਲੜ ਤੇ ਆਂਡੇ ਜਮ੍ਹਾਂ ਕਰਦੀ ਹੈ। ਅੰਡੇ ਵਿਚੋਂ ਬੱਚੇ ਨਿਕਲਣ ਤੋਂ ਬਾਅਦ ਸੁੰਡੀ ਗੁੱਦੇ ਵਿਚ ਦਾਖ਼ਲ ਹੋ ਕੇ ਇਸ ਨੂੰ ਖਾਣਾ ਸ਼ੁਰੂ ਕਰ ਦਿੰਦੀ ਹੈ। ਹਮਲੇ ਵਾਲੇ ਫ਼ਲ ਬੇ-ਢੱਬੇ, ਭੂਰੇ ਰੰਗ ਦੇ, ਗਲੇ ਅਤੇ ਡਿੱਗਣਾ ਸ਼ੁਰੂ ਕਰ ਦਿੰਦੇ ਹਨ। ਪੂਰੇ ਜਵਾਨ ਕੀੜੇ ਫ਼ਲ ਵਿਚੋਂ ਛੇਕ ਕਰਕੇ ਬਾਹਰ ਨਿਕਲ ਜਾਂਦੇ ਹਨ ਅਤੇ ਪਿਊਪੇ ਜ਼ਮੀਨ ਵਿਚ ਚਲੇ ਜਾਂਦੇ ਹਨ।

ਇਸ ਰੋਕਥਾਮ ਲਈ :

ੳ) ਖ਼ਰਾਬ ਫ਼ਲ ਤੋੜ ਕੇ ਨਸ਼ਟ ਕਰੋ।

ਅ) ਫ਼ਲਾਂ ਦੇ ਅੰਡੇ ਦੇਣ ਤੋਂ ਬਚਾਉਣ ਲਈ ਸਖ਼ਤ ਤਿਆਰ ਫ਼ਲ ਤੋੜੋ ਅਤੇ ਫ਼ਲਾਂ ਨੂੰ ਬੂਟੇ ਤੇ ਬਹੁਤਾ ਨਾ ਪਕਾਉ।

ੲ) ਗਰਮੀਆਂ ਦੌਰਾਨ ਦਰਖ਼ਤ ਦੁਆਲੇ ਮਿੱਟੀ ਨੂੰ ਫ਼ਰੋਲੋ ਤਾਂ ਕਿ ਸੁੰਡੀਆਂ ਗਰਮੀ ਜਾਂ ਕੁਦਰਤੀ ਦੁਸ਼ਮਣਾਂ ਰਾਹੀਂ ਮਰ ਜਾਣ।

ਸ) ਫ਼ਰਵਰੀ-ਮਾਰਚ ਦੌਰਾਨ 500 ਮਿਲੀਲਿਟਰ ਰੋਗੋਰ 30 ਈ ਸੀ (ਡਾਈਮੈਥੋਏਟ) 300 ਲਿਟਰ ਪਾਣੀ ਵਿਚ ਪਾ ਕੇ ਛਿੜਕੋ। ਫ਼ਲ ਤੋੜਨ ਤੋਂ ਘੱਟੋ-ਘੱਟ 15 ਦਿਨ ਪਹਿਲਾਂ ਛਿੜਕਾਅ ਬੰਦ ਕਰ ਦਿਉ।

ਪੱਤੇ ਖਾਣ ਵਾਲੀ ਸੁੰਡੀ ਅਤੇ ਬੇਰ ਬੀਟਲ : ਇਨ੍ਹਾਂ ਕੀੜੇ-ਮਕੌੜਿਆਂ ਦਾ ਬਰਸਾਤ ਦੌਰਾਨ ਹਮਲੇ ਪ੍ਰਤੀ ਬੂਟਿਆਂ ਨੂੰ ਧਿਆਨ ਨਾਲ ਦੇਖਣਾ ਚਾਹੀਦਾ ਹੈ। ਛੋਟੀਆਂ ਸੁੰਡੀਆਂ ਸ਼ੁਰੂ ਵਿਚ ਗੁੱਛਿਆਂ ਚ ਰਹਿੰਦੀਆਂ ਹਨ ਅਤੇ ਪੱਤਿਆਂ ਤੇ ਨਾਜ਼ਕ

ਫ਼ਲਾਂ ਨੂੰ ਕੁਤਰਦੀਆਂ ਹਨ। ਬਾਅਦ ਵਿਚ ਇਹ ਪੱਤੇ, ਫ਼ਲ ਅਤੇ ਨਾਜ਼ਕ ਟਹਿਣੀਆਂ ਨਿਗਲ ਜਾਂਦੀਆਂ ਹਨ। ਹਮਲੇ ਵਾਲੇ ਫ਼ਲ ਮੰਡੀਕਰਨ ਯੋਗ ਨਹੀਂ ਰਹਿੰਦੇ।

ਇਨ੍ਹਾਂ ਦੀ ਰੋਕਥਾਮ ਲਈ :

ੳ) 750 ਗ੍ਰਾਮ ਹੈਕਸਾਵਿਨ 50 ਘੁਲਣਸ਼ੀਲ (ਕਾਰਬਰਿਲ/250 ਲਿਟਰ ਪਾਣੀ ਵਿਚ ਘੋਲ ਕੇ ਹਮਲੇ ਦੀਆਂ ਨਿਸ਼ਾਨੀਆਂ ਦਿਸਣਸਾਰ ਹੀ ਛਿੜਕਾਅ ਕਰੋ।

ਅ) ਸ਼ੁਰੂ ਵਿਚ ਅਤੇ ਛੋਟੀ ਪੱਧਰ ਤੇ ਅੰਡਿਆਂ ਦੇ ਢੇਰਾਂ ਵਾਲੇ ਛੋਟੀਆਂ ਸੁੰਡੀਆਂ ਨਾਲ ਭਰੇ ਪੱਤੇ ਤੋੜ ਕੇ ਨਸ਼ਟ ਕਰ ਦਿਉ।

ਲਾਖ ਦਾ ਕੀੜਾ : ਇਹ ਕੀੜਾ ਟਹਿਣੀਆਂ ਚੋਂ ਰਸ ਚੂਸ ਕੇ ਬਹੁਤ ਨੁਕਸਾਨ ਕਰਦਾ ਹੈ। ਉਪਰੰਤ ਟਹਿਣੀਆਂ ਸੁੱਕ ਜਾਂਦੀਆਂ ਹਨ। ਬੇਰ ਦੇ ਦਰਖ਼ਤ ਤੇ ਇਸ ਕੀੜੇ ਦੇ ਹਮਲੇ ਨੂੰ ਹਾਨੀਕਾਰਕ ਸਮਝਿਆ ਜਾਂਦਾ ਹੈ ਕਿਉਂਕਿ ਇਹ ਬੂਟੇ ਨੂੰ ਨਕਾਰਾ ਕਰ ਦਿੰਦਾ ਹੈ ਅਤੇ ਝਾੜ ਤੇ ਬਹੁਤ ਮਾੜਾ ਅਸਰ ਪੈਂਦਾ ਹੈ।

ਇਸ ਦੀ ਰੋਕਥਾਮ ਲਈ, ਰੋਗੀ ਅਤੇ ਸੁੱਕੀਆਂ ਟਹਿਣੀਆਂ ਨੂੰ ਕੱਟੋ ਅਤੇ ਨਸ਼ਟ ਕਰੋ। 250 ਮਿਲੀਲਿਟਰ ਰੋਗੋਰ 30 ਈ ਸੀ (ਡਾਈਮੈਥੋਏਟ) 250 ਲਿਟਰ ਪਾਣੀ ਚ ਘੋਲ ਕੇ ਅਪ੍ਰੈਲ ਅਤੇ ਸਤੰਬਰ ਦੌਰਾਨ ਛਿੜਕਾ ਕਰੋ।

ਬੀਮਾਰੀਆਂ

ਧੂੜੇਦਾਰ ਉੱਲੀ : ਇਹ ਬੀਮਾਰੀ ਓਡੀਅਮ ਇਰੀਸੀਫੋਏਡੀਸ ਸਪ. ਜਿਜੀਫੀ ਉੱਲੀ ਦੁਆਰੀ ਹੁੰਦੀ ਹੈ ਅਤੇ ਸਤੰਬਰ ਤੋਂ ਦਸੰਬਰ ਦੌਰਾਨ ਆਉਂਦੀ ਹੈ । ਉੱਤਰੀ ਭਾਰਤ ਚ ਬੇਰੀਆਂ ਦੇ ਬਾਗਾਂ ਚ ਇਹ ਬਹੁਤ ਵੱਡੀ ਸਮੱਸਿਆ ਬਣ ਚੁੱਕੀ ਹੈ । ਜੇਕਰ ਸਮੇਂ ਸਿਰ ਇਸ ਨੂੰ ਰੋਕਿਆ ਨਾ ਜਾਵੇ ਤਾਂ ਇਹ ਬੀਮਾਰੀ ਸਾਰੀ ਫ਼ਸਲ ਹੀ ਨਸ਼ਟ ਕਰ ਦੇਂਦੀ ਹੈ । ਛੋਟੇ ਵਧ ਰਹੇ ਪੱਤੇ ਤੇ ਫ਼ਲ ਚਿੱਟੇ ਜਿਹੇ ਧੂੜੇਦਾਰ ਉੱਲੀ ਦੇ ਕਣਾਂ ਨਾਲ ਢਕੇ ਜਾਂਦੇ ਹਨ । ਇਹ ਬੀਮਾਰੀ ਅਗੇਤਾ ਪੱਤਿਆਂ ਦਾ ਕਿਰਨਾਂ ਅਤੇ ਭਾਰੀ ਫ਼ਲਾਂ ਦਾ ਕੇਰਾ ਕਰਦੀ ਹੈ । ਅਸਰਦਾਰ ਫ਼ਲ ਛੋਟੇ ਆਕਾਰ ਦੇ ਅਤੇ ਦਾਗ਼ੀ ਤੇ ਬੇ-ਢਬੇ ਹੋ ਜਾਂਦੇ ਹਨ । ਕਈ ਵਾਰ ਹਮਲਾ ਐਨਾ ਜ਼ਿਆਦਾ ਹੁੰਦਾ ਹੈ ਕਿ ਜਾਂ ਤਾਂ ਸਾਰੀ ਫ਼ਸਲ ਹੀ ਕੇਰੇ ਕਰਕੇ ਨਸ਼ਟ ਹੋ ਜਾਂਦੀ ਹੈ ਜਾਂ ਮੰਡੀਕਰਨ ਦੇ ਯੋਗ ਨਹੀਂ ਰਹਿੰਦੀ, ਇਸ ਤਰ੍ਹਾਂ ਫ਼ਲ ਉਤਪਾਦਕਾਂ ਨੂੰ ਭਾਰੀ ਮਾਲੀ ਨੁਕਸਾਨ ਹੁੰਦਾ ਹੈ ।

ਬੀਮਾਰੀ 0.05% ਕੈਰਾਥੇਨ 40 ਈ ਸੀ (50 ਮਿਲੀਲਿਟਰ ਨੂੰ 100 ਲਿਟਰ ਪਾਣੀ ਵਿਚ ਜਾਂ 0.25% ਘੁਲਣਸ਼ੀਲ ਸਲਫ਼ਰ (250 ਗ੍ਰਾਮ 100 ਲਿਟਰ ਪਾਣੀ ਚ) ਜਾਂ 0.05% ਬੈਲੇਟਾਨ 25 ਘੁਲਣਸ਼ੀਲ (50 ਗ੍ਰਾਮ 100 ਲਿਟਰ ਪਾਣੀ ਚ) ਦੇ 3-4 ਛਿੜਕਾਅ ਕਰਕੇ ਰੋਕਥਾਮ ਕੀਤੀ ਜਾ ਸਕਦੀ ਹੈ । ਪਹਿਲਾ ਛਿੜਕਾਅ ਫੁੱਲਾਂ ਤੇ (ਸਤੰਬਰ), ਦੂਜਾ ਛਿੜਕਾਅ ਫ਼ਲ ਸੈੱਟ ਹੋਣ ਤੋਂ ਪਿਛੋਂ ਮੱਧ ਅਕਤੂਬਰ ਚ, ਤੀਜਾ ਮੱਧ ਨਵੰਬਰ ਅਤੇ ਚੌਥਾ ਮੱਧ ਦਸੰਬਰ ਚ ਕਰੋ । ਜੇਕਰ ਲੋੜ ਮਹਿਸੂਸ ਹੋਵੇ ਤਾਂ ਇਕ ਹੋਰ ਛਿੜਕਾਅ ਜਨਵਰੀ ਚ ਕੀਤਾ ਜਾ ਸਕਦਾ ਹੈ ।

ਪੱਤਿਆਂ ਦੇ ਦਾਗ਼ : ਬੇਰ ਚ ਪੱਤਿਆਂ ਦੇ ਦਾਗ਼ ਦੀਆਂ ਦੋ ਬੀਮਾਰੀਆਂ ਬੇਰ ਉਗਾਉਣ ਵਾਲੇ ਖੇਤਰ ਚ ਬਹੁਤ ਆਮ ਹਨ ਜਿਵੇਂ ਕਿ ਫੋਮਾ ਲੀਫ਼ ਸਪਾਟ ਅਤੇ ਬਲੈਕ ਮੋਲਡ ਆਫ਼ ਲੀਫ਼ । ਦੋਵੇਂ ਬੀਮਾਰੀਆਂ ਵੱਖਰੀਆਂ ਉੱਲੀਆਂ ਦੁਆਰਾ ਹੁੰਦੀਆਂ ਹਨ, ਜਦ ਕਿ ਫੋਮਾ ਲੀਫ਼ ਸਪਾਟ ਪੱਤਿਆਂ ਦੀ ਉੱਪਰਲੀ ਤਹਿ ਤੇ ਹੁੰਦੀ ਹੈ, ਬਲੈਕ ਮੋਲਡ ਕੇਵਲ ਪੱਤਿਆਂ ਦੇ ਹੇਠ ਵਾਲੇ ਪਾਸੇ ਹੀ ਪ੍ਰਤੱਖ ਹੁੰਦੀ ਹੈ । ਫੋਮਾ ਲੀਫ਼ ਸਪਾਟ ਚ ਨਿਸ਼ਾਨੀਆਂ ਉਦੋਂ ਆਉਂਦੀਆਂ ਹਨ ਜਦ ਪੱਤੇ ਪੂਰੀ ਤਰ੍ਹਾਂ ਵਿਕਸਤ ਹੋਏ ਹੁੰਦੇ ਹਨ, ਬਲੈਕ ਮੋਲਡ ਚ ਨਿਸ਼ਾਨੀਆਂ ਕੇਵਲ ਨਵੇਂ ਪੱਤਿਆਂ ਤੇ ਹੀ ਆਉਂਦੀਆਂ ਹਨ । ਫੋਮਾ ਲੀਫ਼ ਸਪਾਟ, ਮਿਡਰਿਬ, ਮੁੱਖ ਨਾੜੀਆਂ, ਡੰਡੀਆਂ ਅਤੇ ਪੱਤਿਆਂ ਤੇ ਧੂੰਏ ਰੰਗੇ ਸੈਂਟਰ, ਪੀਲੇ ਕਿਨਾਰੇ ਅਤੇ ਕਾਲੀ ਉੱਲੀ ਦਾ ਵਾਧੇ ਵਜੋਂ

ਪ੍ਰਗਟ ਹੁੰਦੀ ਹੈ । ਬਲੈਕ ਮੋਲਡ ਸਪਾਟ ਛੋਟੇ ਗੋਲ, ਛੋਟੀ ਉਂਗਲ ਜਿਹਾ ਉਭਾਰ ਜਿਵੇਂ ਸਿੱਧੜ ਗੁੱਛਾ ਹੋਵੇ ਦੀ ਤਰ੍ਹਾਂ ਪ੍ਰਗਟ ਹੁੰਦੀ ਹੈ ।

ਪਹਿਲਾ ਛਿੜਕਾਅ : ਅਗਸਤ ਮਹੀਨੇ ਜਦੋਂ ਬੀਮਾਰੀ ਪ੍ਰਗਟ ਹੁੰਦੀ ਹੈ ਜਾਂ ਪੱਤੇ ਪੂਰੀ ਤਰ੍ਹਾਂ ਵਧੇ ਹੋਏ ਹੁੰਦੇ ਹਨ, ਬੋਰਡੋ ਮਿਸ਼ਰਣ 2:2:250 ਜਾਂ 0.3% ਕਾਪਰ ਆਕਸੀਕਲੋਰਾਈਡ 50% (300 ਗ੍ਰਾਮ 100 ਲਿਟਰ ਪਾਣੀ ਚ) ਦਾ ਪੱਤਿਆਂ ਦੀ ਉਪਰਲੀ ਤੇ ਹੇਠਲੀ ਸਤਹਿ ਤੇ ਛਿੜਕਾਅ ਕਰੋ ।

ਦੂਜਾ ਛਿੜਕਾਅ : ਪਹਿਲੇ ਛਿੜਕਾਅ ਦੇ 14 ਦਿਨਾਂ ਬਾਅਦ 0.2% ਡਾਇਥੇਨ ਐੱਮ-45 ਘੁਲਣਸ਼ੀਲ 75% (200 ਗ੍ਰਾਮ 100 ਲਿਟਰ ਪਾਣੀ ਚ) ਦਾ ਪੱਤਿਆਂ ਦੀ ਦੋਹਾਂ ਉਪਰਲੀ ਅਤੇ ਹੇਠਲੀ ਸਤਹਿ ਤੇ ਛਿੜਕਾਅ ਕਰੋ ।

ਪਹਿਲਾ ਤੇ ਦੂਜਾ ਛਿੜਕਾਅ 14 ਦਿਨਾਂ ਬਾਅਦ ਬਦਲ ਕੇ ਕਰੋ ਜਦ ਤੱਕ ਫ਼ਲ ਮੰਡੀਕਰਨ ਲਈ ਯੋਗ ਨਹੀਂ ਹੋ ਜਾਂਦੇ । ਇਸ ਤੋਂ ਬਾਅਦ ਤੁੜਾਈ ਤੋਂ ਇਕ ਹਫ਼ਤਾ ਪਹਿਲਾਂ ਛਿੜਕਾਅ ਬੰਦ ਕਰ ਦਿੱਤੇ ਜਾਂਦੇ ਹਨ ।

ਫ਼ਲਾਂ ਦੇ ਕਾਲੇ ਦਾਗ਼ : ਇਹ ਬੀਮਾਰੀ ਅਲਟਰਨੇਰੀਆ ਅਲਟਰਨਾਪ ਕਰਕੇ ਹੁੰਦੀ ਹੈ । ਬੀਮਾਰੀ ਕਾਰਨ ਫ਼ਲ ਛੋਟੇ, ਨਾ-ਬਰਾਬਰ, ਡੂੰਘੇ, ਕਾਲੇ ਦਾਗ਼ਾਂ ਵਾਲੇ ਪੈਦਾ ਹੁੰਦੇ ਹਨ । ਕਦੇ-ਕਦੇ ਫੋਮਾ ਮੈਕਰੋਸਟੋਮਾ ਵੀ ਇਸ ਬੀਮਾਰੀ ਨਾਲ ਬਾਅਦ ਵਾਲੀ ਸਟੇਜ ਤੇ ਸਬੰਧਤ ਹੁੰਦਾ ਹੈ । ਅਸਰ ਵਾਲੇ ਫ਼ਲ ਬੇ-ਢਬੇ ਅਤੇ ਪੱਕਣ ਤੋਂ ਪਹਿਲਾ ਹੀ ਕਿਰ ਜਾਂਦੇ ਹਨ । ਬੀਮਾਰੀ ਫ਼ਰਵਰੀ ਚ ਪ੍ਰਗਟ ਹੋਣਾ ਸ਼ੁਰੂ ਕਰਦੀ ਹੇ ਅਤੇ ਫ਼ਰਵਰੀ-ਮਾਰਚ ਚ ਬਹੁਤ ਵਧ ਜਾਂਦੀ ਹੈ ।

ਇਸ ਬੀਮਾਰੀ ਦੀ ਰੋਕਥਾਮ ਲਈ 0.25% ਮੈਨਕੋਜੈਬ 75 ਘੁਲਣਸ਼ੀਲ (250 ਗ੍ਰਾਮ 100 ਲਿਟਰ ਪਾਣੀ ਚ) ਦਾ ਜਨਵਰੀ ਆਖੀਰ ਅਤੇ ਮੱਧ-ਫ਼ਰਵਰੀ ਚ ਛਿੜਕਾਅ ਕਰੋ ।

ਕੁਦਰਤੀ ਰੋਗ

ਫ਼ਲਾਂ ਦਾ ਫ਼ਟਣਾ

ਫ਼ਲਾਂ ਦੇ ਫ਼ਟਣ ਦੇ ਕਾਰਨ ਹਨ :

ੳ) ਮਾਰਚ ਮਹੀਨੇ ਤਾਪਮਾਨ ਵਧ ਜਾਣਾ

ਅ) ਪਾਣੀ ਦਾ ਵਕਫ਼ਾ

ੲ) ਗਰੋਥ ਰੈਗੂਲੇਟਰਜ਼ ਦਾ ਅੰਦਰੂਨ ਪੱਧਰ ਜਿਵੇਂ ਕਿ ਛਿਲਕੇ ਚ ਜਿਬਰੈਲਿਕ ਏਸਿਡ ਦੀ ਵੱਧ ਮਾਤਰਾ ਅਤੇ ਗਿਟਕ ਚ ਅਬਸਿਸਕ ਏਸਿਡ ਦੀ ਵੱਧ ਮਾਤਰਾ

ਸ) ਕਿਸਮਾਂ ਦੇ ਲੱਛਣ

ਬੇਰ ਦੀ ਉਮਰਾਨ ਕਿਸਮ ਦੇ ਸਖ਼ਤ ਛਿਲਕੇ ਅਤੇ ਫ਼ਲ ਦੇ ਸਖ਼ਤ ਗੁੱਦੇ ਕਾਰਨ ਫ਼ਟਣ ਦੀ ਸਮੱਸਿਆ ਘੱਟ ਹੈ । ਜੈਡ ਜੀ-2, ਸਨੌਰ-2 ਅਤੇ ਕੈਥਲੀ ਕਿਸਮਾਂ ਚ ਨਰਮ ਛਿਲਕਾ ਅਤੇ ਪੱਕਣ ਤੇ ਵੱਧ ਮਿਠਾਸ ਹੋਣ ਕਰਕੇ ਫ਼ਟਣ ਦੀ ਰੁਚੀ ਹੈ ।

ਪਾਣੀ ਅਤੇ ਸੋਲਯੂਟ ਦਾ ਲੈਣਾ ਕੁਝ ਰਸਾਇਣਾਂ ਦੀ ਹਾਜ਼ਰੀ ਚ ਵਧੇਰੇ ਸ਼ਾਮਿਲ ਹੁੰਦਾ ਹੈ । ਪਾਣੀ ਦਾ ਵੱਧ ਲੈਣਾ ਫ਼ਲਾਂ ਵਿਚ ਸੋਲਯੂਟ ਨੂੰ ਇਕੱਠਾ ਕਰਦਾ ਹੈ ਅਤੇ ਨਤੀਜੇ ਵਜੋਂ ਫ਼ਲ ਦਾ ਛਿਲਕਾ ਫਟ ਜਾਂਦਾ ਹੈ । ਠੀਕ ਵਕਫ਼ੇ ਤੇ ਪਾਣੀ ਦੇਣਾ ਪਾਣੀ ਦੇ ਲੈਣ ਅਤੇ ਸੋਲਯੂਟ ਨੂੰ ਨਿਯਮਤ ਕਰਨ ਚ ਮਦਦ ਕਰੇਗਾ । ਗਿਟਕ ਸਖ਼ਤ ਹੋਣ ਦੀ ਹਾਲਤ ਤੇ ਨੈਫਥਲੀਨ ਐਸੀਟਿਕ ਏਸਿਡ ਦਾ ਛਿੜਕਾਅ ਇਕ ਵਾਰ ਅਕਤੂਬਰ ਦੇ ਦੂਜੇ ਪੰਦਰਵਾੜੇ ਤੇ ਫਿਰ ਨਵੰਬਰ ਦੇ ਦੂਜੇ ਪੰਦਰਵਾੜੇ, ਪਰੋਮੋਟਰਜ਼ ਦਾ ਮਾਪ ਵਧਾਉਂਦਾ ਹੇ ਅਤੇ ਇਸ ਤਰ੍ਹਾਂ ਫ਼ਲ ਦੇ ਛਿਲਕੇ ਦਾ ਫਟਣਾ ਘਟਾਉਂਦਾ ਹੈ।

ਬੇਰਾਂ ਦੀ ਕਾਸ਼ਤ ਦੀ ਆਰਥਿਕਤਾ : ਬੇਰ ਦੀ ਕਾਸ਼ਤ ਤੋਂ ਔਸਤ ਮੁਨਾਫ਼ਾ ਬਾਗ ਦੇ ਸਥਾਨ, ਮੰਡੀ ਤੋਂ ਨੇੜ ਅਤੇ ਢੋਆ ਢੁਆਈ ਦੀਆਂ ਸਹੂਲਤਾਂ ਅਨੁਸਾਰ ਵੱਖ-ਵੱਖ ਹੈ । ਪੰਜਾਬ ਚ ਬੇਰ ਦੇ ਬਾਗਾਂ ਦੀ ਕਾਸ਼ਤ ਦੀ ਲਾਗਤ ਪ੍ਰਤੀ ਹੈਕਟੇਅਰ ਕੱਢੀ ਗਈ ਹੈ । ਤਾਂ ਵੀ ਬਾਗ ਦੇ ਆਕਾਰ ਨੂੰ ਵਧਾਉਣ ਨਾਲ ਮੁਨਾਫ਼ਾ ਵੀ ਉਸੇ ਤਰ੍ਹਾਂ ਵਧੇਗਾ ।

1. ਨਾਨ ਰੈਕਰਿੰਗ ਖ਼ਰਚਾ

		ਰੁਪਏ
ੳ)	ਵਾੜ	50,000
ਅ)	ਨਿਸ਼ਾਨਦੇਹੀ	600
ੲ)	ਟੋਏ ਪੁੱਟਣਾ ਅਤੇ ਭਰਨਾ (180 ਟੋਏ)	3,600
ਸ)	ਬੂਟਿਆਂ ਦੀ ਕੀਮਤ (180 ਬੂਟੇ)	3,600
ਹ)	ਬੂਟੇ ਲਗਾਉਣਾ ਅਤੇ ਦੌਰ ਅਤੇ ਖਾਲ੍ਹੀਆਂ ਬਣਾਉਣਾ	800
ਕ)	ਸੰਦ, ਔਜਾਰ ਅਤੇ ਪੌਦ ਸੁਰੱਖਿਆ ਸਾਜੋ-ਸਮਾਨ	10,000
ਖ)	ਫੁਟਕਲ	2,000
ਗ)	ਕੁੱਲ	70,400
	ਨਾਨ-ਰੈਕਰਿੰਗ ਖ਼ਰਚੇ ਪ੍ਰਤੀ ਸਾਲ	11,700
	ਜ਼ਮੀਨ ਦਾ ਠੇਕਾ	25,000

2. ਰੈਕਰਿੰਗ ਖ਼ਰਚੇ

		ਨਾ-ਫੁੱਲ ਦੇਂਦੇ ਬਾਗ (ਰੁਪਏ)	ਫ਼ਲ ਦੇਂਦੇ ਬਾਗ (ਰੁਪਏ)
ੳ)	ਗੋਡੀ, ਪਾਣੀ ਅਤੇ ਕਾਂਟ-ਛਾਂਟ ਖ਼ਰਚਾ	2,600	12,500
ਅ)	ਰੂੜੀ ਤੇ ਖਾਦਾਂ ਦਾ ਖ਼ਰਚਾ	2,000	6,000
ੲ)	ਕੀਟ ਨਾਸ਼ਕ ਦਵਾਈਆਂ ਤੇ ਉੱਲੀ-ਨਾਸ਼ਕ ਦਵਾਈ ਦਾ ਖ਼ਰਚਾ	1,200	4,200
ਸ)	ਤੁੜਾਈ, ਦਰਜ਼ਾ-ਬੰਦੀ, ਪੈਕਿੰਗ ਅਤੇ ਢੋਆ-ਢੁਆਈ ਦਾ ਖ਼ਰਚਾ	--	19,400
ਹ)	ਫੁਟਕਲ	--	1,500
	ਕੁੱਲ	5,800	43,600

3. ਕੁੱਲ ਖ਼ਰਚਾ ਪ੍ਰਤੀ ਹੈਕਟੇਅਰ ਪ੍ਰਤੀ ਸਾਲ

ੳ) ਨਾ-ਫਲ ਦੇਂਦੇ ਬਾਗ

1)	ਨਾਨ-ਰੈਕਰਿੰਗ	11,700
2)	ਜ਼ਮੀਨ ਦਾ ਠੇਕਾ	25,000

3) ਰੈਕਰਿੰਗ	5,800
ਕੁੱਲ	42,500
ਅ) ਫੁੱਲ ਦੇਂਦੇ ਬਾਗ	43,600
ਕੁੱਲ	86,000
4. ਆਮਦਨ	
ੳ) ਔਸਤ ਝਾੜ ਪ੍ਰਤੀ ਦਰਖ਼ਤ	100 ਕਿਲੋ
ਅ) ਪ੍ਰਤੀ ਹੈਕਟੇਅਰ ਬੂਟਿਆਂ ਦੀ ਗਿਣਤੀ	180
ੲ) ਕੁੱਲ ਝਾੜ	180 ਕੁਇੰਟਲ
ਸ) ਫ਼ਲ ਦਾ ਰੇਟ (ਦਰਜ਼ਾ-ਬੰਦੀ ਅਨੁਸਾਰ) ਪ੍ਰਤੀ ਦਰਖ਼ਤ	700 ਰੁਪਏ
ਹ) ਸਮੁੱਚੀ ਆਮਦਨ	1,26,000 ਰੁਪਏ
ਕ) ਕੁੱਲ ਖ਼ਰਚਾ	86,000 ਰੁਪਏ
5. ਸ਼ੁੱਧ ਮੁਨਾਫ਼ਾ ਪ੍ਰਤੀ ਹੈਕਟੇਅਰ	40,000 ਰੁਪਏ

ਮਹੀਨੇਵਾਰ ਕੰਮਾਂ ਦਾ ਕੈਲੰਡਰ

ਜਨਵਰੀ

ਬੇਰ ਦੇ ਫ਼ਲ ਵਾਧੇ ਦੀ ਸਟੇਜ 'ਚ ਹਨ, ਇਸ ਕਰਕੇ ਬੂਟਿਆਂ ਨੂੰ ਇਕ ਪਾਣੀ ਦੇਣਾ ਚਾਹੀਦਾ ਹੈ। ਬੇਰਾਂ ਦੇ ਬੂਟੇ ਨੰਗੀਆਂ ਜੜ੍ਹਾਂ ਨਾਲ ਵੀ ਸਫ਼ਲਤਾ ਨਾਲ ਲਗਾਏ ਜਾ ਸਕਦੇ ਹਨ। ਇਸ ਵਾਸਤੇ ਬੂਟਿਆਂ ਨੂੰ ਨਰਸਰੀ 'ਚੋਂ ਆਮ ਤਰੀਕੇ ਨਾਲ ਅੱਧ ਜਨਵਰੀ 'ਚ ਪੁੱਟੋ। ਨਰਸਰੀ 'ਚੋਂ ਬੂਟੇ ਚੁੱਕਣ ਤੋਂ ਪਹਿਲਾਂ ਉਨ੍ਹਾਂ ਦੇ ਪੱਤੇ ਲਾਹ ਦਿਉ।

ਜੇਕਰ ਫ਼ਲ ਮੱਖੀ ਦਾ ਹਮਲਾ ਹੋ ਗਿਆ ਹੈ ਤਾਂ ਖ਼ਰਾਬ ਫ਼ਲਾਂ ਨੂੰ ਚੁਣ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ। 500 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 300 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਫ਼ਲ ਮੱਖੀ ਦੇ ਕੀੜਿਆਂ ਨਾਲ ਖ਼ਰਾਬ ਡਿੱਗੇ ਹੋਏ ਫ਼ਲ ਇਕੱਠੇ ਕਰਕੇ ਜ਼ਮੀਨ 'ਚ ਦੱਬ ਦੇਣੇ ਚਾਹੀਦੇ ਹਨ। ਲੀਫ਼ ਮੋਲਡ ਅਤੇ ਲੀਫ਼ ਸਪਾਟ ਬੀਮਾਰੀਆਂ ਦੀ ਰੋਕਥਾਮ ਲਈ, ਬੂਟਿਆਂ ਤੇ ਬੋਰਡੋ ਮਿਸ਼ਰਣ (2:2:250) ਜਾਂ 0.3% ਕਾਪਰ ਆਕਸੀਕਲੋਰਾਈਡ (300 ਗ੍ਰਾਮ 100 ਲਿਟਰ ਪਾਣੀ 'ਚ) ਦਾ ਛਿੜਕਾਅ ਕਰੋ। ਇਹ ਛਿੜਕਾਅ ਫ਼ਲ ਤੋੜਨ ਤੋਂ ਘੱਟੋ ਘੱਟ ਇਕ ਹਫ਼ਤਾ ਪਹਿਲਾਂ ਬੰਦ ਕਰਨਾ ਜ਼ਰੂਰੀ ਹੈ। ਜੇਕਰ ਲੋੜ ਪਵੇ ਤਾਂ ਧੂੜੇਦਾਰ ਉੱਲੀ ਦੇ ਰੋਗ ਦੀ ਰੋਕਥਾਮ ਲਈ 0.25% ਘੁਲਣਸ਼ੀਲ ਸਲਫ਼ਰ (250 ਗ੍ਰਾਮ 100 ਲਿਟਰ ਪਾਣੀ 'ਚ) ਜਾਂ 0.05% ਕੈਰਾਥੇਨ ਜਾਂ 0.05% ਬੈਲੇਟਾਨ (50 ਮਿਲੀਲਿਟਰ 100 ਲਿਟਰ ਪਾਣੀ 'ਚ) ਦਾ ਛਿੜਕਾਅ ਕਰੋ।

ਬੇਰ ਦੇ ਫ਼ਲਾਂ ਦੇ ਕਾਲੇ ਦਾਗਾਂ ਦੀ ਬੀਮਾਰੀ ਦੀ ਰੋਕਥਾਮ ਲਈ 0.25% ਮੈਨਕੋਜੈਬ 75 ਘੁਲਣਸ਼ੀਲ (250 ਗ੍ਰਾਮ 100 ਲਿਟਰ ਪਾਣੀ 'ਚ) ਦਾ ਪਹਿਲਾ ਛਿੜਕਾਅ ਜਨਵਰੀ ਦੇ ਅਖੀਰ 'ਚ ਕਰੋ।

ਫ਼ਰਵਰੀ

ਬੇਰੀਆਂ ਨੂੰ 3-4 ਹਫ਼ਤਿਆਂ ਦੇ ਵਕਫ਼ੇ ਤੇ ਸਿੰਜਾਈ ਕਰੋ। ਅਗੇਤਾ ਪੱਕਣ ਵਾਲੀ ਕਿਸਮ ਵਲੈਤੀ ਇਸ ਮਹੀਨੇ ਦੇ ਅਖੀਰ 'ਚ ਪੱਕਣਾ ਸ਼ੁਰੂ ਕਰ ਦਿੰਦੀ ਹੈ। ਪੰਛੀਆਂ ਦੇ ਨੁਕਸਾਨ ਤੋਂ ਬਚਣ ਲਈ ਰਾਖੀ ਜਾਰੀ ਰੱਖਣੀ ਚਾਹੀਦੀ ਹੈ।

ਪਿਉਂਦੀ ਬੂਟੇ ਨੰਗੀਆਂ ਜੜ੍ਹਾਂ ਨਾਲ ਇਸ ਮਹੀਨੇ ਦੇ ਅੱਧ ਤੱਕ ਲਗਾਏ ਜਾ ਸਕਦੇ ਹਨ ਅਤੇ ਗਾਚੀਆਂ ਨਾਲ ਇਸ ਦੇ ਅੰਤ ਤੱਕ ਲਗਾਏ ਜਾ ਸਕਦੇ ਹਨ ।

ਫ਼ਲ ਮੱਖੀ ਦੇ ਹਮਲੇ ਦੀ ਰੋਕਥਾਮ ਲਈ 500 ਮਿਲੀਲਿਟਰ ਰੋਗੋਰ ਦਾ 300 ਲਿਟਰ ਪਾਣੀ ਘੋਲ ਕੇ ਇਕ ਛਿੜਕਾਅ ਕਰੋ । ਪੱਤਿਆਂ ਦੇ ਦਾਗ ਦੀਆਂ ਬੀਮਾਰੀਆਂ ਦੇ ਰੋਕਥਾਮ ਲਈ ਬੂਟਿਆਂ ਤੇ ਬੋਰਡੋ ਮਿਸ਼ਰਣ (2:2:250) ਜਾਂ 0.3% ਕਾਪਰ ਔਕਸੀਕਲੋਰਾਈਡ ਦਾ ਛਿੜਕਾਅ ਕਰੋ ।

ਬੇਰ ਦੇ ਫ਼ਲਾਂ ਦੇ ਕਾਲੇ ਦਾਗਾਂ ਦੀ ਬੀਮਾਰੀ ਦੀ ਰੋਕਥਾਮ ਲਈ 0.25% ਮੈਨਕੋਜ਼ੇਬ 75 ਘੁਲਣਸ਼ੀਲ (250 ਗ੍ਰਾਮ 100 ਲਿਟਰ ਪਾਣੀ 'ਚ) ਦਾ ਦੂਜਾ ਛਿੜਕਾਅ ਅੱਧ ਫ਼ਰਵਰੀ ਦੌਰਾਨ ਕਰੋ ।

ਮਾਰਚ

ਮਾਰਚ ਦੇ ਦੂਜੇ ਪੰਦਰਵਾੜੇ ਪਾਣੀ ਬੰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਜ਼ਮੀਨ ਤੇ ਵਿਛੀਆਂ ਟਹਿਣੀਆਂ ਦਾ ਫ਼ਲ ਖਰਾਬ ਹੋ ਜਾਂਦਾ ਹੈ ਅਤੇ ਫ਼ਲਾਂ ਦੀ ਪਕਾਈ 'ਚ ਦੇਰੀ ਹੋ ਜਾਂਦੀ ਹੈ ।

ਬਹੁਤ ਸਾਰੀਆਂ ਕਿਸਮਾਂ ਵਿੱਚ ਇਸ ਮਹੀਨੇ ਪੱਕ ਜਾਂਦੀਆਂ ਹਨ । ਪੱਕਣ ਦਾ ਮੁੱਖ ਸਮਾਂ ਮੱਧ-ਮਾਰਚ ਤੋਂ ਮੱਧ ਅਪ੍ਰੈਲ ਹੈ । ਦਰਖ਼ਤ ਉੱਪਰ ਸਾਰੇ ਫ਼ਲ ਇਕੋ ਸਮੇਂ ਨਹੀਂ ਪੱਕਦੇ ਅਤੇ ਤੁੜਾਈ ਦੇ ਸਿਖ਼ਰ ਸਮੇਂ ਦੌਰਾਨ 4-5 ਪੂਰਾਂ 'ਚ ਤੁੜਾਈ ਕੀਤੀ ਜਾਂਦੀ ਹੈ । ਐਥੀਫੋਨ 400 ਪੀ ਪੀ ਐਮ (250 ਮਿਲੀਲਿਟਰ 300 ਲਿਟਰ ਪਾਣੀ ਵਿੱਚ) ਦਾ ਮਾਰਚ ਦੇ ਪਹਿਲੇ ਹਫ਼ਤੇ ਫ਼ਲਾਂ ਦੀ ਰੰਗ ਬਦਲਣ ਦੀ ਅਵਸਥਾ ਤੇ ਛਿੜਕਾਅ ਕਰਨ ਨਾਲ ਉਮਰਾਨ ਕਿਸਮ ਦੇ ਬੇਰ ਦੋ ਹਫ਼ਤੇ ਪਹਿਲਾਂ ਪੱਕ ਜਾਂਦੇ ਹਨ ਅਤੇ ਫ਼ਲ ਦਿਲਖਿੱਚਵੇਂ, ਇੱਕਸਾਰ, ਚੰਗੇ ਗੁਣਾਂ ਵਾਲੇ ਅਤੇ ਗੂੜ੍ਹੇ ਸੁਨਹਿਰੀ ਪੀਲੇ ਚਾਕਲੇਟ ਭਾਅ ਮਾਰਦੇ ਪੈਦਾ ਹੁੰਦੇ ਹਨ । ਮੰਡੀਕਰਨ ਤੋਂ ਪਹਿਲਾ ਫ਼ਲਾਂ ਦੀ ਦਰਜ਼ਾਬੰਦੀ ਅਤੇ ਛਾਂਟੀ ਕਰਨੀ ਚਾਹੀਦੀ ਹੈ । ਬੇਰਾਂ ਨੂੰ ਉਨ੍ਹਾਂ ਦੇ ਗਰੇਡ ਮੁਤਾਬਿਕ ਨਾਲੀਦਾਰ ਗੱਤੇ ਦੇ ਡੱਬਿਆਂ, ਲੱਕੜ ਦੀਆਂ ਪੇਟੀਆਂ, ਪੋਲੀਨੈੱਟ, ਟੋਕਰੀਆਂ ਅਤੇ ਢੁਕਵੇਂ ਆਕਾਰ ਦੀਆਂ ਬੋਰੀਆਂ ਚ ਠੀਕ ਤਰ੍ਹਾਂ ਪੈਕ ਕਰਨਾ ਚਾਹੀਦਾ ਹੈ ।

ਪਿਉਂਦੀ ਬੂਟਿਆਂ ਨੂੰ ਚੰਗੇ ਆਕਾਰ ਦੀਆਂ ਗਾਚੀਆਂ ਸਮੇਤ ਖੇਤਾਂ ਵਿੱਚ ਲਗਾਇਆ ਜਾ ਸਕਦਾ ਹੈ ।

ਨਰਸਰੀ 'ਚ ਜੜ ਮੁੱਢ ਤਿਆਰ ਕਰਨ ਲਈ ਕਾਠਾ ਬੇਰ ਦੀਆਂ ਗਿਟਕਾਂ ਇਕੱਠੀਆਂ ਕਰਨੀਆਂ ਚਾਹੀਦੀਆਂ ਹਨ ।

ਫ਼ਲ ਮੱਖੀ ਦੀ ਰੋਕਥਾਮ ਲਈ 500 ਮਿਲੀਲਿਟਰ ਰੋਗੋਰ 300 ਲਿਟਰ ਪਾਣੀ ਚ ਘੋਲ ਕੇ ਇੱਕ ਛਿੜਕਾਅ ਕਰ ਦਿਉ । ਫ਼ਲ ਪੱਕਣ ਤੋਂ 15 ਦਿਨ ਪਹਿਲਾਂ ਛਿੜਕਾਅ ਬੰਦ ਕਰ ਦਿਉ ।

ਅਪ੍ਰੈਲ

ਮੱਧ ਮੌਸਮ ਤੇ ਲੇਟ ਪੱਕਣ ਵਾਲੀਆਂ ਕਿਸਮਾਂ ਦੇ ਫ਼ਲ ਤੋੜੋ ਅਤੇ ਮੰਡੀਕਰਨ ਕਰੋ । ਪੰਜਾਬ ਦੇ ਦੱਖਣ-ਪੱਛਮੀ ਜਿਲ੍ਹਿਆਂ ਚ ਉਮਰਾਨ ਦਾ ਸਹੀ ਪੱਕਣ ਸਮਾਂ ਅਪ੍ਰੈਲ ਦਾ ਪਹਿਲਾ ਹਫ਼ਤਾ ਹੈ ।

ਇਸ ਮਹੀਨੇ ਬੇਰ ਦੀਆਂ ਗਿਟਕਾਂ ਤਾਜ਼ੇ ਫ਼ਲਾਂ ਵਿੱਚ ਕੱਢ ਕੇ ਚੰਗੀ ਤਰ੍ਹਾਂ ਤਿਆਰ ਕੀਤੀਆਂ ਕਿਆਰੀਆਂ ਚ 15 ਸੈਂਟੀਮੀਟਰ ਦੇ ਫ਼ਾਸਲੇ ਤੇ 30 ਸੈਂਟੀਮੀਟਰ ਦੀ ਵਿੱਥ ਤੇ ਬਣਾਈਆਂ ਕਤਾਰਾਂ ਬੀਜੀਆਂ ਜਾਂਦੀਆਂ ਹਨ । ਬੀਜਣ ਤੋਂ ਪਹਿਲਾਂ ਗਿਟਕਾਂ ਨੂੰ 17-18 ਪ੍ਰਤੀਸ਼ਤ ਲੂਣ ਦੇ ਘੋਲ ਵਿੱਚ 24 ਘੰਟੇ ਡੋਬ ਲਉ । ਉੱਪਰ ਤੈਰਦੀਆਂ ਗਿਟਕਾਂ ਨਹੀਂ ਬੀਜਣੀਆਂ ਚਾਹੀਦੀਆਂ ਕਿਉਂਕਿ ਉਹ ਨਿਰਜਿੰਦ ਹੁੰਦੀਆਂ ਹਨ।

ਲਾਖ ਦੇ ਕੀੜੇ ਦੀ ਰੋਕਥਾਮ ਲਈ, 250 ਮਿਲੀਲਿਟਰ ਰੋਗੋਰ 30 ਈ ਸੀ (ਡਾਈਮੈਥੋਏਟ) 250 ਲਿਟਰ ਪਾਣੀ ਚ ਪਾ ਕੇ ਪਹਿਲਾਂ ਛਿੜਕਾਅ ਕਰੋ ।

ਸਨੌਰ-2 ਕਿਸਮ ਦੀ ਕਾਂਟ-ਛਾਂਟ ਅਪ੍ਰੈਲ ਦੇ ਤੀਜੇ ਹਫ਼ਤੇ ਕਰੋ । ਪਿਛਲੇ ਸਾਲ ਦੇ ਫ਼ੁਟਾਰੇ ਦੀ ਕਾਂਟ-ਛਾਂਟ 8 ਅੱਖਾਂ ਰੱਖ ਕੇ ਸਿਰ ਕਲਮੀ ਕਰਨ ਨਾਲ ਚੰਗੇ ਗੁਣਾਂ ਵਾਲੇ ਫ਼ਲਾਂ ਦਾ ਵਧੇਰੇ ਝਾੜ ਮਿਲਦਾ ਹੈ ।

ਬੇਰੀਆਂ ਦੀ ਖ਼ਾਸ ਕਰਕੇ ਉਮਰਾਨ ਕਿਸਮ ਦੀ ਸਾਲਾਨਾ ਕਾਂਟ-ਛਾਂਟ ਮਈ ਦੇ ਦੂਸਰੇ ਪੰਦਰਵਾੜੇ ਦੁਰਾਨ ਕੀਤੀ ਜਾਂਦੀ ਹੈ । ਪਿਛਲੇ ਸਾਲ ਦੇ ਫੁਟਾਰੇ ਦੀ ਹਲਕੀ ਕਾਂਟ-ਛਾਂਟ ਜਿਵੇਂ ਕਿ 25% ਸਿਰ ਕਲਮੀ ਕਰਨ ਨਾਲ ਵਧੇਰੇ ਝਾੜ ਪ੍ਰਾਪਤ ਹੁੰਦਾ ਹੈ । ਬੇਰ ਦਾ ਫ਼ਲ ਚਾਲੂ ਮੌਸਮ ਦੁਰਾਨ ਫੁੱਟੀਆਂ ਟਹਿਣੀਆਂ ਤੇ ਲੱਗਦਾ ਹੈ । ਇਸ ਕਰਕੇ ਲਗਾਤਾਰ ਸਾਲਾਨਾ ਹਲਕੀ ਕਾਂਟ-ਛਾਂਟ ਜ਼ਰੂਰੀ ਹੈ । ਹੇਠਲੀਆਂ ਟਹਿਣੀਆਂ ਨੂੰ ਜ਼ਮੀਨ ਤੇ ਵਿਛਣ ਤੋਂ ਰੋਕਣ ਲਈ ਵੀ ਢੁਕਵੀਂ ਕਾਂਟ-ਛਾਂਟ ਜ਼ਰੂਰੀ ਹੈ । ਬੀਮਾਰ, ਟੁੱਟੀਆਂ, ਟੇਢੀਆਂ-ਮੇਢੀਆਂ ਟਹਿਣੀਆਂ ਦਾ ਵਿਰਲਾ ਕਰਨਾ ਵੀ ਜ਼ਰੂਰੀ ਹੈ । ਬੇਰ ਦੇ ਬੂਟਿਆਂ ਨੂੰ 25 ਸਾਲਾਂ ਦੀ ਉਮਰ ਦੇ ਬਾਅਦ ਨਵਿਆਉਣ ਦੀ ਲੋੜ ਹੈ । ਇਸ ਵਾਸਤੇ ਮੁੱਖ ਟਹਿਣੀਆਂ ਨੂੰ 30 ਸੈਂਟੀਮੀਟਰ ਰੱਖ ਕੇ ਕਟਾਈ ਮਈ ਦੇ ਦੂਜੇ ਪੰਦਰਵਾੜੇ ਚ ਕੀਤੀ ਜਾ ਸਕਦੀ ਹੈ । ਇਹ ਬੂਟੇ ਤੀਜੇ ਸਾਲ ਵਪਾਰਕ ਪੱਧਰ ਦੀ ਵੱਧ ਝਾੜ ਦੇਣ ਵਾਲੀ ਫ਼ਸਲ ਅਤੇ ਚੰਗੇ ਗੁਣਾਂ ਵਾਲੇ ਫ਼ਲ ਦੇਣ ਸ਼ੁਰੂ ਕਰ ਦਿੰਦੇ ਹਨ।

ਨਰਸਰੀ ਵਿੱਚ ਬੇਰ ਦੀਆਂ ਗਿਟਕਾਂ ਉੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ । ਨਰਸਰੀ ਕਿਆਰੀਆਂ ਨੂੰ ਪਾਣੀ ਦੇਣਾ ਚਾਹੀਦਾ ਹੈ ।

ਜੂਨ

ਜੇਕਰ ਅਗੇਤੀ ਬਾਰਸ਼ ਨਹੀਂ ਪੈਂਦੀ ਤਾਂ ਬੂਟੇ ਸੁੱਤ-ਉਨੀਂਦਰੀ ਹਾਲਤ 'ਚ ਜਾਰੀ ਰਹਿੰਦੇ ਹਨ । ਇਸ ਮਹੀਨੇ ਚ ਗੋਹੇ ਦੀ ਸਾਰੀ ਰੂੜੀ ਪਾ ਦਿਉ ।

ਗਰਮੀਆਂ ਦੌਰਾਨ ਦਰਖ਼ਤ ਦੁਆਲੇ ਮਿੱਟੀ ਨੂੰ ਫ਼ਰੋਲੋ ਤਾਂ ਕਿ ਸੁੰਡੀਆਂ ਗਰਮੀ ਜਾਂ ਕੁਦਰਤੀ ਦੁਸ਼ਮਣਾਂ ਰਾਹੀਂ ਮਰ ਜਾਣ ।

ਨਰਸਰੀ 'ਚ ਬੇਰੀਆਂ ਦੀ ਪੌਦ ਬੜੇ ਧਿਆਨ ਨਾਲ ਦੇਖ ਭਾਲ ਮੰਗਦੀ ਹੈ ।

ਜੁਲਾਈ

ਬਰਸਾਤ ਸ਼ੁਰੂ ਹੋਣ ਨਾਲ ਬੇਰ ਦੇ ਬੂਟਿਆਂ ਤੇ ਨਵਾਂ ਫੁਟਾਰਾ ਆਉਣਾ ਸ਼ੁਰੂ ਹੋ ਜਾਂਦਾ ਹੈ । ਬਰਸਾਤ ਦੇ ਮੌਸਮ ਦੁਰਾਨ ਨਾਈਟ੍ਰੋਜਨ ਤੱਤ ਦੀ ਅੱਧੀ ਖ਼ੁਰਾਕ ਦਿਉ, ਗੋਡੀ ਕਰਕੇ ਇਸ ਨੂੰ ਮਿੱਟੀ 'ਚ ਰਲਾਉ ਅਤੇ ਨਦੀਨ ਆਦਿ ਕੱਢੋ । ਪਿਉਂਦੀ ਬੂਟੇ ਗਾਚੀ ਸਮੇਤ ਖੇਤ 'ਚ 7.5x7.5 ਮੀਟਰ ਵਰਗਾਕਾਰ ਢੰਗ ਚ ਲਗਾਉ ।

ਜਦ ਵੀ ਨਵੀਆਂ ਅੱਖਾਂ ਮਿਲਣੀਆਂ ਸ਼ੁਰੂ ਹੋ ਜਾਣ ਤਾਂ ਨਰਸਰੀ ਚ ਬੇਰ ਦੀ ਪੌਦ ਨੂੰ ਟੀ ਨੁਮਾ ਪਿਉਂਦ ਕਰੋ । ਮਈ ਦੌਰਾਨ ਸਿਰ ਕਲਮੀ ਕੀਤੀ ਜੰਗਲੀ ਬੇਰ ਦੇ ਬੂਟਿਆਂ ਤੇ ਅੱਖ ਚੜ੍ਹਾਉ । ਮੋਮੀ ਲਿਫ਼ਾਫ਼ਿਆਂ ਚ ਤਿਆਰ ਕੀਤੀ ਪੌਦ ਨੂੰ ਉਸੇ ਜਗ੍ਹਾ ਤੇ ਪਿਉਂਦ ਕਰਨ ਲਈ ਖੇਤ ਚ ਪੱਕੀ ਜਗ੍ਹਾ ਤੇ ਲਗਾਇਆ ਜਾ ਸਕਦਾ ਹੈ।

ਅਗਸਤ

ਅਗਸਤ ਦੇ ਪਹਿਲੇ ਪੰਦਰਵਾੜੇ ਦੌਰਾਨ ਜਦੋਂ ਖੇਤ ਨਦੀਨ ਰਹਿਤ ਹੁੰਦਾ ਹੈ, ਨਦੀਨ ਉੱਗਣ ਤੋਂ ਪਹਿਲਾਂ ਹੈਕਸੂਰੋਨ 80 ਘੁਲਣਸ਼ੀਲ (ਡਾਈਯੂਰਾਨ) 1.2 ਕਿਲੋ ਪ੍ਰਤੀ ਏਕੜ ਜਾਂ ਗਲਾਈਸਲ 41 ਐਸ ਐਲ (ਗਲਾਈਫੋਸੇਟ) 1.2 ਲਿਟਰ ਪਰਤੀ ਏਕੜ ਜਾਂ ਗਰਾਮੋਕਸੋਨ 24 ਡਬਲਯੂ ਐਸ ਸੀ (ਪੈਰਾਕੁਇਟ) 1.2 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਦੀਨ ਉੱਗਣ ਤੋਂ ਪਿੱਛੋਂ ਜੋ ਨਦੀਨ ਕਾਫ਼ੀ ਵਧ ਰਹੇ ਹੋਣ ਪਰ ਫੁੱਲ ਨਾ ਪਏ ਹੋਣ ਅਤੇ 15 ਤੋਂ 20 ਸੈਂਟੀਮੀਟਰ ਉੱਚੇ ਹੋ ਜਾਣ, ਛਿੜਕਣ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਦਵਾਈ ਨੂੰ 200 ਲਿਟਰ ਪਾਣੀ ਵਿੱਚ ਘੋਲੋ ਜੋ ਇੱਕ ਏਕੜ ਛਿੜਕਾਅ ਲਈ ਕਾਫ਼ੀ ਹੈ ।

ਪਿਉਂਦੀ ਬੂਟੇ ਗਾਚੀ ਸਮੇਤ ਖੇਤ ਵਿੱਚ ਲਗਾਏ ਜਾ ਸਕਦੇ ਹਨ । ਪੋਲੀਥੀਨ ਲਿਫ਼ਾਫ਼ਿਆਂ 'ਚ ਬੇਰ ਦੀ ਪੌਦ ਨੂੰ ਖੇਤ ਚ ਲਗਾਉਣਾ ਜਾਰੀ ਰਹੇਗਾ।

ਪੱਤੇ ਖਾਣ ਵਾਲੀ ਸੁੰਡੀ ਦੀ ਰੋਕਥਾਮ ਲਈ 750 ਗ੍ਰਾਮ ਹੈਕਸਾਵਿਨ 50 ਘੁਲਣਸ਼ੀਲ (ਕਾਰਬਰਿਲ) 250 ਲਿਟਰ ਪਾਣੀ ਵਿੱਚ ਘੋਲ ਕੇ ਹਮਲੇ ਦੀਆਂ ਨਿਸ਼ਾਨੀਆਂ ਦਿਸਣਸਾਰ ਹੀ ਛਿੜਕਾਅ ਕਰੋ ।

ਸਤੰਬਰ

ਫੁੱਲਾ ਵਾਲੇ ਬੂਟਿਆਂ ਨੂੰ ਹਲਕਾ ਪਾਣੀ ਦੇਣਾ ਚਾਹੀਦਾ ਹੈ । ਪਿਉਂਦੀ ਬੂਟੇ ਲਗਾਉਣ ਲਈ ਇਹ ਮਹੀਨਾ ਬਹੁਤ ਵਧੀਆ ਹੈ । ਨਰਸਰੀ ਵਿੱਚੋਂ ਬੂਟੇ ਚੰਗੇ ਆਕਾਰ ਦੀ ਗਾਚੀ ਸਮੇਤ ਪੁੱਟੋ ਤਾਂ ਕਿ ਜੜ੍ਹਾਂ ਨੂੰ ਘੱਟ ਤੋਂ ਘੱਟ ਨੁਕਸਾਨ ਹੋਵੇ ।

ਨਰਸਰੀ ਤਿਆਰ ਕਰਨ ਲਈ ਟੀ-ਨੁਮਾ ਪਿਉਂਦ ਜਾਰੀ ਰੱਖੋ ।

ਲਾਖ ਦੇ ਕੀੜੇ ਦੀ ਰੋਕਥਾਮ ਲਈ. 250 ਮਿਲੀਲਿਟਰ ਰੋਗੋਰ 250 ਲਿਟਰ ਪਾਣੀ ਚ ਪਾ ਕੇ ਦੂਜਾ ਛਿੜਕਾਅ ਕਰੋ । ਫੁੱਲਾਂ ਤੇ ਧੂੜੇਦਾਰ ਉੱਲੀ ਦੀ ਰੋਕਥਾਮ ਲਈ 0.25% ਘੁਲਣਸ਼ੀਲ ਸਲਫਰ (250 ਗ੍ਰਾਮ 100 ਲਿਟਰ ਪਾਣੀ ਚ) ਜਾਂ 0.05% ਕੈਰਾਥੇਨ 40 ਈ ਸੀ ਜਾਂ 0.05% ਬੈਲੇਟਾਨ 25 ਘੁਲਣਸ਼ੀਲ (50 ਮਿਲੀਲਿਟਰ 100 ਲਿਟਰ ਪਾਣੀ ਚ) ਦਾ ਪਹਿਲਾ ਛਿੜਕਾਅ ਕਰੋ ।

ਅਕਤੂਬਰ

ਇਸ ਮਹੀਨੇ ਫ਼ਲ ਸੈੱਟ ਹੋਣਾ ਸ਼ੁਰੂ ਹੋ ਜਾਂਦਾ ਹੈ । ਬੇਰ ਦੇ ਬੂਟਿਆਂ ਨੂੰ ਹਲਕੀ ਸਿੰਚਾਈ ਕਰੋ । ਫ਼ਲ ਸੈੱਟ ਹੋਣ ਤੋਂ ਤੁਰੰਤ ਬਾਅਦ ਨਾਈਟ੍ਰੋਜਨ ਤੱਤ ਦੀ ਦੂਜੀ ਖ਼ੁਰਾਕ ਦਿਉ ।

ਧੂੜੇਦਾਰ ਉੱਲੀ ਦੇ ਰੋਗ ਦੀ ਰੋਕਥਾਮ ਲਈ 0.25% ਘੁਲਣਸ਼ੀਲ ਸਲਫ਼ਰ ਜਾਂ 0.05% ਕੈਰਾਥੇਨ ਜਾਂ 0.05% ਬੈਲੇਟਾਨ ਫ਼ਲ ਸੈੱਟ ਹੋਣ ਤੋਂ ਬਾਅਦ ਅੱਧ ਅਕਤੂਬਰ ਚ ਇੱਕ ਛਿੜਕਾਅ ਕਰੋ ।

ਨਵੰਬਰ

ਫ਼ਲ ਦੇ ਵਾਧੇ ਲਈ ਪਾਸਣੀ ਦੇਣਾ ਜ਼ਰੂਰੀ ਹੈ । ਮੌਸਮ ਨੂੰ ਧਿਆਨ ਚ ਰੱਖਦਿਆਂ ਪਾਣੀ 3-4 ਹਫ਼ਤਿਆਂ ਬਾਅਦ ਦਿਉ ।

ਨਰਸਰੀ 'ਚ ਕਾਮਯਾਬ ਪਿਉਂਦੀ ਫੋਟ ਨੂੰ ਧਿਆਨ ਨਾਲ ਦੇਖੋ ਅਤੇ ਪਿਉਂਦੀ ਜੋੜ ਤੋਂ ਹੇਠਾਂ ਨਿੱਕਲੀਆਂ ਪਾਸੇ ਦੀਆਂ ਟਹਿਣੀਆਂ ਨੂੰ ਛੇਤੀ ਨਾਲ ਲਾਹ ਦਿਉ ।

ਧੂੜੇਦਾਰ ਉੱਲੀ ਦੇ ਰੋਗ ਦੀ ਰੋਕਥਾਮ ਲਈ ਬੂਟਿਆਂ ਤੇ 0.25% ਘੁਲਣਸ਼ੀਲ ਸਲਫਰ ਜਾਂ 0.05% ਕੈਰਾਥੇਨ ਜਾਂ 0.05% ਬੈਲੇਟਾਨ ਦਾ ਅੱਧ ਨਵੰਬਰ ਚ ਛਿੜਕਾਅ ਕਰੋ ।

ਦਸੰਬਰ


ਫ਼ਲ ਦੇਂਦੇ ਬੂਟਿਆਂ ਨੂੰ 3-4 ਹਫ਼ਤਿਆਂ ਬਾਅਦ ਪਾਣੀ ਦੇਣਾ ਚਾਹੀਦਾ ਹੈ । ਅਗੇਤੀਆਂ ਕਿਸਮਾਂ ਨੂੰ ਪੰਛੀਆਂ ਦੁਆਰਾ ਹੋਣ ਵਾਲੇ ਨੁਕਸਾਨ ਤੋਂ ਰਾਖੀ ਕਰਨੀ ਚਾਹੀਦੀ ਹੈ ।

ਪਿਉਂਦੀ ਬੂਟਿਆਂ ਤੋਂ ਫੁਟਾਰਾ ਤੋੜਦੇ ਰਹਿਣਾ ਚਾਹੀਦਾ ਹੈ ਅਤੇ ਬੂਟਿਆਂ ਦੀ ਧਿਆਨ ਨਾਲ ਦੇਖਭਾਲ ਕਰਨੀ ਚਾਹੀਦੀ ਹੈ ।

ਧੂੜੇਦਾਰ ਉੱਲੀ ਦੇ ਰੋਗ ਦੀ ਰੋਕਥਾਮ ਲਈ, ਬੂਟਿਆਂ ਤੇ 0.05% ਘੁਲਣਸ਼ੀਲ ਸਲਫਰ ਜਾਂ 0.05% ਕੈਰਾਥੇਨ ਜਾਂ 0.5% ਬੈਲੇਟਾਨ ਦਾ ਅੱਧ ਦਸੰਬਰ ਚ ਛਿੜਕਾਅ ਕਰੋ ।



ਫ਼ੋਟੋ 5 : ਵਲਾਇਤੀ ਕਿਸਮ



ਫ਼ੋਟੋ 11 : ਐਥੀਫੌਨ ਦੇ ਛਿੜਕਾਅ ਨਾਲ ਇਕਸਾਰ ਪੱਕਿਆ ਹੋਇਆ ਫ਼ਲ